Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 240 | Tuesday, December 07, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਬੱਚਾ ਜ਼ਖ਼ਮੀ



ਇਟੋਬੀਕੋ, 6 ਦਸੰਬਰ (ਪੋਸਟ ਬਿਊਰੋ) : ਇਟੋਬੀਕੋ ਵਿੱਚ ਗੱਡੀ ਵੱਲੋਂ ਇੱਕ ਬੱਚੇ ਨੂੰ ਟੱਕਰ ਮਾਰੇ ਜਾਣ ਤੋਂ ਬਾਅਦ ਉਸ ਬੱਚੇ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਰੌਇਲ ਯੌਰਕ ਰੋਡ ਤੇ ਵੈਸਟਰਿੱਜ ਰੋਡ ਉੱਤੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਹੀ ਉਹ ਮੌਕੇ ਉੱਤੇ ਪਹੁੰਚੇ। ਜਿਸ ਗੱਡੀ ਵੱਲੋਂ ਬੱਚੇ ਨੂੰ ਟੱਕਰ ਮਾਰੀ ਗਈ ਸੀ ਉਹ ਵੀ ਮੌਕੇ ਉੱਤੇ ਹੀ ਰਹੀ। ਪੁਲਿਸ ਨੇ ਦੱਸਿਆ ਕਿ ਬੱਚੇ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

## ਸਕਾਰਬਰੋ ਐਲੀਮੈਂਟਰੀ ਸਕੂਲ ਵਿਚ ਓਮਾਈਕ੍ਰੌਨ ਵੇਰੀਐਂਟ ਦਾ ਮਿਲਿਆ ਪਹਿਲਾ ਮਾਮਲਾ



ਟੋਰਾਂਟੋ, 6 ਦਸੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਐਲੀਮੈਂਟਰੀ ਸਕੂਲ ਵਿੱਚ ਪਾਏ ਗਏ ਕਥਿਤ ਤੌਰ ਉੱਤੇ ਪਹਿਲੇ ਓਮਾਈਕ੍ਰੌਨ ਵੇਰੀਐਂਟ ਮਾਮਲੇ ਦੀ ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਫਾਰਮੇਸੀ ਐਵਨਿਊ ਸਥਿਤ ਪ੍ਰੈਸ਼ੀਅਸ ਬਲੱਡ ਕੈਥੋਲਿਕ ਸਕੂਲ ਵਿੱਚ ਇਸ ਪਾਜ਼ੀਟਿਵ ਮਾਮਲੇ ਦੀ ਪੁਸ਼ਟੀ ਕੀਤੀ ਗਈ ਹੈ। ਟੀਪੀਐਚ ਅਨੁਸਾਰ ਇਸ ਸ਼ਖਸ ਦੇ ਸੰਪਰਕ ਵਿੱਚ ਆਉਣ ਵਾਲੇ ਸਾਰੇ ਲੋਕਾਂ ਨੂੰ ਆਗਾਹ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਵੀ ਸੈਲਫ ਆਈਸੋਲੇਟ ਕਰਨ, ਲੱਛਣਾਂ ਉੱਤੇ ਨਜ਼ਰ ਰੱਖਣ, ਟੈਸਟ ਕਰਵਾਉਣ ਤੇ ਸੈਲਫ ਆਈਸੋਲੇਸ਼ਨ ਪੀਰੀਅਡ ਖ਼ਤਮ ਹੋਣ ਉਪਰੰਤ ਕੰਮ ਜਾਂ ਹੋਰਨਾਂ ਗਤੀਵਿਧੀਆਂ ਵੱਲ ਪਰਤਣ ਲਈ ਆਖਿਆ ਗਿਆ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਵੇਂ ਵੇਰੀਐਂਟ ਦੇ ਆ ਜਾਣ ਕਾਰਨ ਤੇ ਪਹਿਲਾਂ ਤੋਂ ਹੀ ਮੌਜੂਦ ਡੈਲਟਾ ਵੇਰੀਐਂਟ ਕਾਰਨ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਜੇ ਤੁਸੀਂ ਵੈਕਸੀਨੇਸ਼ਨ ਨਹੀਂ ਕਰਵਾਈ ਤਾਂ ਜਲਦ ਤੋਂ ਜਲਦ ਵੈਕਸੀਨੇਸ਼ਨ ਕਰਵਾਈ ਜਾਵੇ। ਇਸ ਦੌਰਾਨ ਮਿਡਲਸੈਕਸ ਲੰਡਨ ਹੈਲਥ ਯੂਨਿਟ (ਐਮਐਲਐਚਯੂ) ਨੇ ਸੋਮਵਾਰ ਨੂੰ ਆਖਿਆ ਕਿ ਉਹ ਲੰਡਨ, ਓਨਟਾਰੀਓ ਵਿੱਚ ਕੋਵਿਡ-19 ਮਾਮਲਿਆਂ ਦੇ ਕਲਸਟਰ ਦੀ ਜਾਂਚ ਕਰ ਰਹੇ ਹਨ। ਅਧਿਕਾਰੀਆਂ ਨੇ ਆਖਿਆ ਕਿ ਇਨ੍ਹਾਂ ਸਭਨਾਂ ਦੇ ਓਮਾਈਕ੍ਰੌਨ ਵੇਰੀਐਂਟ ਨਾਲ ਪਾਜ਼ੀਟਿਵ ਆਉਣ ਦੀ ਵੀ ਸੰਭਾਵਨਾ ਹੈ। ਹੈਲਥ ਯੂਨਿਟ ਨੇ ਆਖਿਆ ਕਿ ਇਸ ਸ਼ੱਕੀ ਓਮਾਈਕ੍ਰੌਨ ਕਲਸਟਰ ਦੇ ਨੇੜਲੇ ਸੰਪਰਕ ਵਿੱਚ ਆਉਣ ਵਾਲਿਆਂ ਦੀ ਗਿਣਤੀ 100 ਤੋਂ ਟੱਪਣ ਦੀ ਸੰਭਾਵਨਾ ਹੈ।

## ਪੀਲ ਰੀਜਨ ਵਿੱਚ ਕੂੜਾ ਚੁੱਕਣ ਵਾਲੇ ਵਰਕਰਜ਼ ਗਏ ਹੜਤਾਲ ਉੱਤੇ



ਓਨਟਾਰੀਓ, 6 ਦਸੰਬਰ (ਪੋਸਟ ਬਿਊਰੋ) : ਇੱਕ ਵੇਸਟ ਮੈਨੇਜਮੈਂਟ ਫਰਮ ਦੇ ਵਰਕਰਜ਼ ਦੇ ਹੜਤਾਲ ਉੱਤੇ ਚਲੇ ਜਾਣ ਕਾਰਨ ਪੀਲ ਰੀਜਨ ਦੇ ਵੱਡੇ ਹਿੱਸੇ ਵਿੱਚ ਕੂੜਾ ਚੁੱਕਣ ਦੇ ਮਾਮਲੇ ਵਿੱਚ ਦੇਰ ਹੋ ਸਕਦੀ ਹੈ ਤੇ ਰੀਸਾਈਕਲਿੰਗ ਕੁਲੈਕਸ਼ਨ ਦਾ ਕੰਮ ਵੀ ਮੁਲਤਵੀ ਹੋ ਸਕਦਾ ਹੈ।

ਸੋਮਵਾਰ ਸਵੇਰੇ ਐਮਟੈਰਾ ਐਨਵਾਇਰਮੈਂਟਲ ਦੇ 200 ਵਰਕਰਜ਼ ਮੈਨੇਜਮੈਂਟ ਦੀ ਤਾਜ਼ਾ ਪੇਸ਼ਕਸ਼ ਨੂੰ ਠੁਕਰਾਉਣ ਤੋਂ ਬਾਅਦ ਹੜਤਾਲ ਉੱਤੇ ਚਲੇ ਗਏ। ਵਰਕਰਾਂ ਨੇ ਮੀਡੀਆ ਨਾਲ ਗੱਲ ਕਰਦਿਆਂ ਆਖਿਆ ਕਿ ਕੰਮ ਦੇ ਮਾੜੇ ਹਾਲਾਤ, ਮਾੜੀ ਯੂਨੀਫੌਰਮ, ਪੀਪੀਈ ਕਿੱਟਾਂ ਤੇ ਮੁਆਵਜ਼ਾ ਨਾ ਮਿਲਣ ਕਾਰਨ ਪੈਦਾ ਹੋਣ ਵਾਲੀ ਦਿੱਕਤ ਕਾਰਨ ਹੀ ਉਨ੍ਹਾਂ ਵੱਲੋਂ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇਸ ਹੜਤਾਲ ਨਾਲ ਮਿਸੀਸਾਗਾ ਦੇ ਦੱਖਣ-ਪੱਛਮ ਵਿੱਚ ਰਹਿਣ ਵਾਲੇ ਲੋਕਾਂ ਤੋਂ ਇਲਾਵਾ ਬਰੈਂਪਟਨ ਦੇ ਪੱਛਮੀ ਅੱਧ ਤੇ ਕੇਲਡਨ ਦੇ ਲੋਕਾਂ ਨੂੰ ਦਿੱਕਤ ਹੋ ਸਕਦੀ ਹੈ।

ਪੀਲ ਰੀਜਨ ਦਾ ਕਹਿਣਾ ਹੈ ਕਿ ਕੂੜਾ ਤੇ ਹੋਰ ਆਰਗੈਨਿਕ ਵੇਸਟ ਲਗਾਤਾਰ ਚੁੱਕਿਆ ਜਾਵੇਗਾ ਪਰ ਉਸ ਵਿੱਚ ਦੇਰ ਹੋ ਸਕਦੀ ਹੈ। ਇਸ ਸਮੇਂ ਰੀਸਾਈਕਲ ਕੀਤੀਆਂ ਜਾਣ ਵਾਲੀਆਂ ਜਾਂ ਭਾਰੀ ਚੀਜ਼ਾਂ ਨਹੀਂ ਚੁੱਕੀਆਂ ਜਾਣਗੀਆਂ। ਯਾਰਡ ਵੇਸਟ ਵੀ ਨਹੀਂ ਚੁੱਕਿਆ ਜਾਵੇਗਾ। ਐਮਟੈਰਾ ਵੱਲੋਂ ਪੀਲ ਰੀਜਨ ਨੂੰ ਬਿਆਨ ਦਿੱਤਾ ਗਿਆ ਹੈ ਤੇ ਫਿਰ ਉਸ ਬਿਆਨ ਨੂੰ ਰੀਜਨ ਵੱਲੋਂ ਮੀਡੀਆ ਨਾਲ ਸਾਂਝਾ ਕਰਦਿਆਂ ਹੋਇਆਂ ਉਨ੍ਹਾਂ ਵਰਕਰਜ਼ ਤੋਂ ਮੁੜ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ ਹੈ ਜਿਨ੍ਹਾਂ ਦੀ ਅਗਵਾਈ ਲਿਊਨਾ ਕਰਦੀ ਹੈ।

## ਐਰਾਈਵਕੈਨ ਐਪ ਦੀ ਵਰਤੋਂ ਨਾ ਕਰ ਸਕਣ ਵਾਲੇ ਟਰੈਵਲਰਜ਼ ਹੁਣ ਬਾਰਡਰ ਉੱਤੇ ਹੀ ਦੇ ਸਕਣਗੇ ਟਰੈਵਲ ਡੀਟੇਲਜ਼



ਓਟਵਾ, 6 ਦਸੰਬਰ (ਪੋਸਟ ਬਿਊਰੋ) : ਸਰਕਾਰ ਦੇ ਐਰਾਈਵਕੈਨ ਐਪ ਤੱਕ ਪਹੁੰਚ ਨਾ ਕਰ ਸਕਣ ਵਾਲੇ ਜਾਂ ਇਸ ਵਿੱਚ ਆਪਣੀ ਜਾਣਕਾਰੀ ਭਰਨੀ ਭੁੱਲਣ ਵਾਲੇ ਟਰੈਵਲਰਜ਼ ਨੂੰ ਹੁਣ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ, ਉਹ ਨਿਜੀ ਤੌਰ ਉੱਤੇ ਵੀ ਆਪਣੀਆਂ ਟਰੈਵਲ ਡੀਟੇਲਜ਼ ਮੁਹੱਈਆ ਕਰਵਾ ਸਕਣਗੇ। ਕੈਨੇਡਾ ਦੇ ਪਬਲਿਕ ਸੇਫਟੀ ਮੰਤਰੀ ਵੱਲੋਂ ਬਾਰਡਰ ਅਧਿਕਾਰੀਆਂ ਨੂੰ ਨਵੀਆਂ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਟਰੈਵਲਰਜ਼ ਤੋਂ ਇਨ ਪਰਸਨ ਤੌਰ ਉੱਤੇ ਉਨ੍ਹਾਂ ਦੀ ਟਰੈਵਲ ਡੀਟੇਲਜ਼ ਹਾਸਲ ਕਰ ਸਕਦੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਟਰੈਵਲਰ ਭਾਵੇਂ ਕਿੰਨੇ ਮਰਜ਼ੀ ਸਮੇਂ ਲਈ ਦੇਸ਼ ਤੋਂ ਬਾਹਰ ਰਿਹਾ ਹੋਵੇ, ਕੈਨੇਡਾ ਦਾਖਲ ਹੋਣ ਲਈ ਸਰਕਾਰ ਵੱਲੋਂ ਇਸ ਐਪ ਦੀ ਵਰਤੋਂ ਕਰਨਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਇਸ ਐਪ ਰਾਹੀਂ ਇਹ ਜਾਣਕਾਰੀ ਇੱਕਠੀ ਕੀਤੀ ਜਾਂਦੀ ਹੈ ਕਿ ਟਰੈਵਲਰ ਕਿੱਥੇ ਗਿਆ, ਉਨ੍ਹਾਂ ਦੇ ਟਰਿੱਪ ਦਾ ਕਾਰਨ, ਉਨ੍ਹਾਂ ਦੀ ਕਾਂਟੈਕਟ ਸਬੰਧੀ ਜਾਣਕਾਰੀ, ਵੈਕਸੀਨੇਸ਼ਨ ਸਬੰਧੀ ਜਾਣਕਾਰੀ, ਟਰੈਵਲ ਤੋਂ ਪਹਿਲਾਂ ਕੋਵਿਡ-19 ਟੈਸਟ ਰਿਜ਼ਲਟਸ ਤੇ ਇੱਕ ਵਾਰੀ ਕੈਨੇਡਾ ਪਹੁੰਚਣ ਉਪਰੰਤ ਉਨ੍ਹਾਂ ਦੇ ਕੁਆਰਨਟੀਨ ਸਬੰਧੀ ਪਲੈਨ ਆਦਿ।

ਇਹ ਜਾਣਕਾਰੀ ਦੇਣ ਵਿੱਚ ਅਸਫਲ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਹੁਣ ਤੱਕ ਦੇਸ਼ ਵਿੱਚ ਦਾਖਲ ਹੋਣ ਲਈ ਜਹਾਜ਼ ਚੜ੍ਹਨ ਤੋਂ ਰੋਕ ਦਿੱਤਾ ਜਾਂਦਾ ਰਿਹਾ ਹੈ। ਕੈਨੇਡੀਅਨਜ਼, ਪਰਮਾਨੈਂਟ ਰੈਜ਼ੀਡੈਂਟਸ ਤੇ ਹੋਰਨਾਂ, ਜਿਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਦਾ ਅਧਿਕਾਰ ਹੈ, ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਹੁਣ ਤੱਕ ਦੋ ਹਫਤਿਆਂ ਲਈ ਕੁਆਰਨਟੀਨ ਕਰਨਾ ਪੈਂਦਾ ਸੀ।

ਇਸ ਸਬੰਧ ਵਿੱਚ ਕਈ ਸ਼ਿਕਾਇਤਾਂ ਮਿਲਣ ਤੋਂ ਬਾਅਦ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਇਹ ਜਾਣਕਾਰੀ ਦਿੱਤੀ ਕਿ ਇਸ ਸਬੰਧ ਵਿੱਚ ਤਬਦੀਲੀਆਂ ਕਰਕੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਟਰੈਵਲਰਜ਼ ਤੋਂ ਇਨ ਪਰਸਨ ਜਾਣਕਾਰੀ ਹਾਸਲ ਕਰਨ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

Locations Woodbridge Mississauga Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ
10-20% Discount
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART
INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੋਵਿਡ-19 ਟੈਸਟਿੰਗ ਵਧਾਉਣ ਲਈ ਸਰਕਾਰ ਨੇ ਤਿੰਨ ਕੰਪਨੀਆਂ ਨਾਲ ਕੀਤਾ ਕਰਾਰ

ਓਟਵਾ, 6 ਦਸੰਬਰ (ਪੋਸਟ ਬਿਊਰੋ) : ਅੱਗੇ ਆਉਣ ਵਾਲੇ ਹਾਲੀਡੇਅ ਸੀਜ਼ਨ ਅਤੇ ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਦੇ ਜ਼ੋਰ ਫੜ੍ਹਨ ਦੇ ਖਦਸ਼ੇ ਦੇ ਮੱਦੇਨਜ਼ਰ ਫੈਡਰਲ ਸਰਕਾਰ ਨੇ ਤਿੰਨ ਕੰਪਨੀਆਂ ਨਾਲ 631 ਮਿਲੀਅਨ ਡਾਲਰ ਦਾ ਕਾਂਟਰੈਕਟ ਕੀਤਾ ਹੈ ਜਿਹੜੀਆਂ ਬਾਰਡਰ ਉੱਤੇ ਕੋਵਿਡ-19 ਟੈਸਟਿੰਗ ਤੇ ਹੋਰ ਸਕਰੀਨਿੰਗ ਸੇਵਾਵਾਂ ਦੇਣਗੀਆਂ।



ਪਬਲਿਕ ਸਰਵਿਸਿਜ਼ ਤੇ ਪ੍ਰੌਕਿਓਰਮੈਂਟ ਕੈਨੇਡਾ ਨੇ ਦੱਸਿਆ ਕਿ ਸਵਿੱਚ ਹੈਲਥ, ਲਾਈਫਲੈਬਜ਼ ਤੇ ਡਾਇਨਾਕੇਅਰ ਉਹ ਕੰਪਨੀਆਂ ਹਨ ਜਿਹੜੀਆਂ ਏਅਰਪੋਰਟਸ ਤੇ ਜ਼ਮੀਨੀ ਸਰਹੱਦੀ ਲਾਂਘਿਆਂ ਉੱਤੇ ਕੈਨੇਡਾ ਦਾਖਲ ਹੋਣ ਵਾਲੇ ਇੰਟਰਨੈਸ਼ਨਲ ਟਰੈਵਲਰਜ਼ ਦੇ ਟੈਸਟ ਕਰਨਗੀਆਂ। ਡਿਪਾਰਟਮੈਂਟ ਦੀ ਤਰਜ਼ਮਾਨ ਗੈਬ੍ਰੀਅਲ ਲੀਬਫ ਨੇ ਆਖਿਆ ਕਿ ਇਹ ਕੰਪਨੀਆਂ ਟੈਸਟਿੰਗ ਸੇਵਾਵਾਂ ਦੇਣਗੀਆਂ, ਜਿਨ੍ਹਾਂ ਵਿੱਚ ਅਪੁਆਇੰਟਮੈਂਟ ਬੁੱਕ ਕਰਨਾ, ਟੈਸਟ ਕਰਨਾ ਤੇ ਰਿਜ਼ਲਟ ਤਿਆਰ ਕਰਨਾ ਸ਼ਾਮਲ ਹੋਵੇਗਾ।

ਇਸ ਦੇ ਨਾਲ ਹੀ ਇਨ੍ਹਾਂ ਕੰਪਨੀਆਂ ਵੱਲੋਂ ਟੈਂਪਰੇਰੀ ਫੌਰਨ ਵਰਕਰਜ਼, ਰਫਿਊਜੀਜ਼, ਪਨਾਹ ਲੈਣ ਦੇ ਚਾਹਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਦੇ ਟੈਸਟ ਵੀ ਕੀਤੇ ਜਾਣਗੇ। ਸਵਿੱਚ ਹੈਲਥ ਵੱਲੋਂ ਓਨਟਾਰੀਓ, ਅਲਬਰਟਾ ਤੇ ਐਟਲਾਂਟਿਕ ਕੈਨੇਡਾ ਵਿੱਚ ਟੈਸਟਿੰਗ ਕੀਤੀ ਜਾਵੇਗੀ। ਇਸ ਲਈ ਕੰਪਨੀ ਨਾਲ 440 ਮਿਲੀਅਨ ਡਾਲਰ ਦੀ ਡੀਲ ਹੋਈ ਹੈ। ਲਾਈਫਲੈਬਜ਼ ਵੱਲੋਂ ਬ੍ਰਿਟਿਸ਼ ਕੋਲੰਬੀਆ, ਸਸਕੈਚਵਨ ਤੇ ਯੂਕੌਨ ਵਿੱਚ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸਰਕਾਰ ਵੱਲੋਂ ਇਸ ਕੰਪਨੀ ਨਾਲ 111 ਮਿਲੀਅਨ ਡਾਲਰ ਦਾ ਕਾਂਟਰੈਕਟ ਕੀਤਾ ਗਿਆ ਹੈ। ਡਾਇਨਾਕੇਅਰ ਨਾਲ ਸਰਕਾਰ ਵੱਲੋਂ 80 ਮਿਲੀਅਨ ਡਾਲਰ ਦਾ ਕਰਾਰ ਕੀਤਾ ਗਿਆ ਹੈ ਤੇ ਉਹ ਕਿਊਬਿਕ ਤੇ ਮੈਨੀਟੋਬਾ ਵਿੱਚ ਆਪਰੇਟ ਕਰੇਗੀ।

# ਜਾਅਲੀ ਹੈ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਲੋਕਾਂ ਨੂੰ ਫੜ੍ਹਨ ਸਬੰਧੀ ਦਸਤਾਵੇਜ਼ : ਸਿਹਤ ਮੰਤਰਾਲਾ

ਓਨਟਾਰੀਓ, 6 ਦਸੰਬਰ (ਪੋਸਟ ਬਿਊਰੋ) : ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਲੋਕਾਂ ਨੂੰ ਫੜ੍ਹਨ ਬਾਰੇ ਆਨਲਾਈਨ ਸਰਕੂਲੇਟ ਹੋ ਰਿਹਾ ਦਸਤਾਵੇਜ਼ ਜਾਅਲੀ ਹੈ ਤੇ ਇਸ ਮਾਮਲੇ ਦੀ ਜਾਂਚ ਪੁਲਿਸ ਨੂੰ ਸੌਂਪ ਦਿੱਤੀ ਗਈ ਹੈ। ਇਹ ਖੁਲਾਸਾ ਸਰਕਾਰ ਵੱਲੋਂ ਕੀਤਾ ਗਿਆ।



ਇਹ ਦਸਤਾਵੇਜ਼ ਜਾਅਲੀ ਹੈ ਤੇ ਇੰਜ ਲੱਗਦਾ ਹੈ ਕਿ ਇਸ ਨੂੰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਵੱਲੋਂ ਲਿਖਿਆ ਗਿਆ ਹੈ। ਇਸ ਵਿੱਚ ਫੈਡਰਲ ਮਨਿਸਟਰ ਆਫ ਐਮਰਜੰਸੀ ਪ੍ਰਿਪੇਅਰਡਨੈੱਸ ਬਿੱਲ ਬਲੇਅਰ ਤੇ ਸਿਹਤ ਮੰਤਰੀ ਜੀਨ ਯਵੇਸ ਡਕਲਸ ਨੂੰ ਸੰਬੋਧਨ ਕੀਤਾ ਗਿਆ ਹੈ।ਇਸ ਵਿੱਚ ਇੰਜ ਲੱਗਦਾ ਹੈ ਕਿ ਐਲੀਅਟ ਤੇ ਜੋਨਜ਼ ਵੱਲੋਂ ਫੈਡਰਲ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਉਨ੍ਹਾਂ ਨੂੰ ਮੁਜਰਮ ਕਰਾਰ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਫੜ੍ਹ ਲਿਆ ਜਾਵੇ।

ਸੋਮਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਸਿਹਤ ਮੰਤਰਾਲੇ ਵੱਲੋਂ ਆਖਿਆ ਗਿਆ ਕਿ ਸਾਡੇ ਧਿਆਨ ਵਿੱਚ ਇਹ ਲੈਟਰ ਆਇਆ ਹੈ ਜਿਹੜਾ ਮੰਤਰੀ ਐਲੀਅਟ ਤੇ ਮੰਤਰੀ ਜੋਨਜ਼ ਵੱਲੋਂ 3 ਦਸੰਬਰ ਨੂੰ ਜਾਰੀ ਕੀਤਾ ਗਿਆ ਲੱਗਦਾ ਹੈ ਤੇ ਇਹ ਆਨਲਾਈਨ ਸਰਕੂਲੇਟ ਹੋ ਰਿਹਾ ਹੈ। ਇਹ ਵੀ ਆਖਿਆ ਗਿਆ ਕਿ ਇਸ ਤਰ੍ਹਾਂ ਦਾ ਕੋਈ ਲੈਟਰ ਮੰਤਰੀ ਐਲੀਅਟ ਤੇ ਮੰਤਰੀ ਜੋਨਜ਼ ਵੱਲੋਂ ਜਾਰੀ ਨਹੀਂ ਕੀਤਾ ਗਿਆ। ਸਰਕਾਰ ਨੇ ਆਖਿਆ ਕਿ ਇਸ ਤਰ੍ਹਾਂ ਦਸਤਾਵੇਜ਼ ਤਿਆਰ ਕਰਨਾ ਮੁਜਰਮਾਨਾ ਕੰਮ ਹੈ ਤੇ ਇਸ ਮਾਮਲੇ ਦੀ ਜਾਂਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੂੰ ਸੌਂਪੀ ਗਈ ਹੈ।

# ਗਲੋਬਲ ਵੰਡ ਲਈ ਵ੍ਹਿਟਬੀ ਵਿੱਚ ਕੋਵਿਡ-19 ਐਂਟੀਵਾਇਰਲ ਦਵਾਈ ਤਿਆਰ ਕਰੇਗੀ ਮਰਕ ਕੈਨੇਡਾ

ਟੋਰਾਂਟੋ, 6 ਦਸੰਬਰ (ਪੋਸਟ ਬਿਊਰੋ) : ਮਰਕ ਕੈਨੇਡਾ ਵੱਲੋਂ ਸੋਮਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਥਰਮੋਫਿਸ਼ਰ ਸਾਇੰਟਿਫਿਕ ਨਾਲ ਰਲ ਕੇ ਵ੍ਹਿਟਬੀ, ਓਨਟਾਰੀਓ ਵਿੱਚ ਕੋਵਿਡ-19 ਦੀ ਐਂਟੀਵਾਇਰਲ ਦਵਾਈ ਮੋਲਨੂਪਿਰਾਵੀਅਰ ਤਿਆਰ ਕਰੇਗੀ ਤੇ ਉਸ ਨੂੰ ਗਲੋਬਲ ਮਾਰਕਿ-ਟਸ ਵਿੱਚ ਵੰਡਿਆ ਜਾਵੇਗਾ।



ਕੈਨੇਡੀਅਨ ਲੋਕੇਸ਼ਨ ਮੋਲਨੂਪਿਰਾਵੀਅਰ ਦੀਆਂ ਡੋਜ਼ਿਜ਼ ਤਿਆਰ ਕਰੇਗੀ ਤੇ ਇਹ ਰਿੱਜਬੈਕ ਬਾਇਓਥੈਰਾਪਿਊਟਿਕਸ ਦੇ ਸਹਿਯੋਗ ਨਾਲ ਤਿਆਰ ਕੀਤੀ ਜਾਵੇਗੀ ਤੇ ਇਸ ਦੀ ਵੰਡ ਕੈਨੇਡਾ, ਯੂਕੇ, ਯੂਰਪੀਅਨ ਯੂਨੀਅਨ, ਏਸ਼ੀਆ ਪੈਸੇਫਿਕ ਤੇ ਲੈਟਿਨ ਅਮੈਰਿਕਾ ਵਿੱਚ ਕੀਤੀ ਜਾਵੇਗੀ ਜਦੋਂ ਇਨ੍ਹਾਂ ਰੀਜਨਜ਼ ਤੋਂ ਇਜਾਜ਼ਤ ਮਿਲ ਜਾਵੇਗੀ। ਇਸ ਦਵਾਈ ਨੂੰ ਹੈਲਥ ਕੈਨੇਡਾ ਵੱਲੋਂ ਅਜੇ ਮਨਜ਼ੂਰੀ ਮਿਲਣੀ ਬਾਕੀ ਹੈ।

ਇੱਕ ਪ੍ਰੈੱਸ ਕਾਨਫਰੰਸ ਵਿੱਚ ਮਰਕ ਕੈਨੇਡਾ ਦੇ ਨਵੇਂ ਪ੍ਰੈਜ਼ੀਡੈਂਟ ਮਾਰਵਨ ਆਕੜ ਨੇ ਆਖਿਆ ਕਿ ਇਹ ਫੈਸਿਲਿਟੀ ਦੀ ਚੋਣ ਇਸ ਲਈ ਕੀਤੀ ਗਈ ਹੈ ਕਿਉਂਕਿ ਦਵਾਈ ਤਿਆਰ ਕਰਨ ਦੀ ਇਸ ਦੀ ਸਮਰੱਥਾ, ਕਪੈਸਿਟੀ ਤੇ ਸਪੀਡ ਕਾਫੀ ਜ਼ਿਆਦਾ ਹੈ। ਵ੍ਹਿਟਬੀ ਸਥਿਤ ਥਰਮੋ ਫਿਸ਼ਰ ਦੀ ਮੈਨੂਫੈਕਚਰਿੰਗ ਸਾਈਟ ਦੁਨੀਆਂ ਦੀਆਂ ਉਨ੍ਹਾਂ ਤਿੰਨ ਲੋਕੇਸ਼ਨਜ਼ ਵਿੱਚੋਂ ਇੱਕ ਹੈ ਜਿੱਥੇ ਮੋਲਨੂਪਿਰਾਵੀਅਰ ਤਿਆਰ ਕੀਤੀ ਜਾਵੇਗੀ।

ਇਸ ਮੌਕੇ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਅਸੀਂ ਮੀਲਪੱਥਰ ਕਾਇਮ ਕਰਨ ਜਾ ਰਹੇ ਹਾਂ ਤੇ ਕੈਨੇਡਾ ਦੀ ਬਾਇਓਮੈਨੂਫੈਕਚਰਿੰਗ ਸਮਰੱਥਾ ਦਾ ਪੁਨਰਨਿਰਮਾਣ ਕਰਨ ਜਾ ਰਹੇ ਹਾਂ।

# ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਐੱਨ ਆਰ ਆਈਜ਼ ਨੂੰ ਵੋਟ ਪਾਉਣ ਦਾ ਮੌਕਾ ਮਿਲੇਗਾ

ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਪੰਜਾਬਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਮੁੱਖ ਚੋਣ ਅਧਿਕਾਰੀ ਡਾ. ਐੱਸ. ਕਰੁਣਾ ਰਾਜੂ ਨੇ ਅੱਜ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਪੰਜਾਬ ਦੇ 23 ਜ਼ਿਲ੍ਹਿਆਂ ਅਤੇ 117 ਵਿਧਾਨ ਸਭਾ ਹਲਕਿਆਂ ਵਿੱਚ ਇਨ੍ਹਾਂ ਚੋਣਾਂ ਬਾਰੇ ਤਿਆਰੀਆਂ ਜ਼ੋਰਾਂ ਉੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 2 ਕਰੋੜ 9 ਲੱਖ ਲੋਕ, ਜਿਨ੍ਹਾਂ ਵਿੱਚ 1.1 ਕਰੋੜ ਮਰਦ ਅਤੇ 99 ਲੱਖ ਔਰਤਾਂ ਹਨ, ਵੋਟ ਦੀ ਵਰਤੋਂ ਕਰਨਗੇ।




ਇਸ ਮੌਕੇ ਡਾ: ਕਰੁਣਾ ਰਾਜੂ ਨੇ ਕਿਹਾ ਕਿ ਲੋਕਤੰਤਰ ਵਿੱਚ ਮਹਿਲਾ, ਪੁਰਸ਼ ਅਤੇ ਟਰਾਂਸਜੈਂਡਰ ਸਾਰੇ ਬਰਾਬਰ ਹਨ। ਇਸ ਵਾਰ ਟਰਾਂਸਜੈਂਡਰ ਵੀ ਵੋਟ ਪਾਉਣਗੇ। ਜੇ ਕੋਈ ਵੋਟਰ ਕੋਰੋਨਾ ਪਾਜ਼ੇਟਿਵ ਹੈ ਤਾਂ ਵੋਟ ਪੋਸਟਲ ਬੈਲਟ ਪੇਪਰ ਰਾਹੀਂ ਪਾ ਸਕਦਾ ਹੈ ਤੇ ਜੇ ਕੋਈ ਵੋਟਿੰਗ ਸੈਂਟਰ ਉੱਤੇ ਕੋਰੋਨਾ ਪਾਜ਼ੇਟਿਵ ਮਿਲੇਗੈ ਤਾਂ ਵੋਟਾਂ ਪੈਣ ਦੇ ਆਖ਼ਰੀ ਸਮੇਂ ਵਿੱਚ ਸਾਵਧਾਨੀ ਨਾਲ ਆਪਣੀ ਵੋਟ ਦੀ ਵਰਤੋਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ 8.6 ਲੱਖ ਫਾਰਮ ਵੋਟ ਲਈ ਆਏ ਹਨ ਤੇ ਇਸ ਵਾਰ ਆਨਲਾਈਨ ਵੋਟਿੰਗ ਦੀ ਲੋਕਾਂ ਨੂੰ ਖ਼ਾਸ ਸਹੂਲਤ ਦਿੱਤੀ ਜਾਵੇਗੀ। ਇਸ ਦੇ ਨਾਲ ਐੱਨ ਆਰ ਆਈਜ਼ ਦਾ ਵੀ ਖ਼ਾਸ ਧਿਆਨ ਰੱਖਿਆ ਜਾਵੇਗਾ।ਉਨ੍ਹਾ ਕਿਹਾ ਕਿ ਜਿਨ੍ਹਾਂ ਲੋਕ ਕੋਲ ਇੰਡੀਅਨ ਪਾਸ-ਪੋਰਟ ਹਨ, ਉਹ ਆਪਣਾ ਵੋਟ ਬਣਵਾ ਲੈਣ ਅਤੇ ਆਨਲਾਈਨ ਵੋਟਿੰਗ ਕੀਤੀ ਜਾਵੇਗੀ।

# ਭਾਰਤ-ਰੂਸ ਸੰਬੰਧ: ਮੋਦੀ-ਪੂਤਿਨ ਦੀ ਸਿਖਰ ਵਾਰਤਾ ਤੋਂ ਪਹਿਲਾਂ ਮੁੱਢਲੇ ਦੌਰ ਦੀ ਗੱਲਬਾਤ

ਨਵੀਂ ਦਿੱਲੀ, 6 ਦਸੰਬਰ, (ਪੋਸਟ ਬਿਊਰੋ)- ਬਦਲਦੇ ਸੰਸਾਰ ਮਾਹੌਲ ਕਾਰਨ ਭਾਰਤ-ਰੂਸਸੰਬੰਧਾਂ ਦੀ ਗਰਮਜੋਸ਼ੀ ਘੱਟ ਹੋਣ ਦੀਆਂ ਗੱਲਾਂ ਨੂੰ ਦੋਵੇਂ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਨੇ ਅੱਜ ਗ਼ਲਤ ਸਾਬਤ ਕਰ ਦਿੱਤਾ ਹੈ।



ਅੱਜ ਨਵੀਂ ਦਿੱਲੀ ਵਿੱਚ ਪਹਿਲਾਂ ਭਾਰਤ ਅਤੇ ਰੂਸ ਦੋਵੇਂ ਦੇਸ਼ਾਂ ਦੇ ਰੱਖਿਆ ਅਤੇ ਵਿਦੇਸ਼ ਮੰਤਰੀਆਂ ਦੀ ਵੱਖ-ਵੱਖ ਬੈਠਕ ਹੋਈ ਅਤੇ ਉਸ ਤੋਂ ਬਾਅਦ ਇਨ੍ਹਾਂ ਚਾਰਾਂ ਦੀ ਟੂ-ਪਲੱਸ-ਟੂਵਾਲੀ ਪਹਿਲੀ ਸਾਂਝੀ ਬੈਠਕ ਹੋਈ। ਕੇਵਲ ਕੁਝ ਘੰਟੇ ਦੀ ਯਾਤਰਾ ਉੱਤੇ ਭਾਰਤ ਆਏ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ-ਰੂਸ ਬੈਠਕ ਦੀ ਅਗਵਾਈ ਕੀਤੀ ਤੇ ਸਾਰਾ ਦਿਨ ਚੱਲੀਆਂ ਇਨ੍ਹਾਂ ਬੈਠਕਾਂ ਵਿੱਚ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿਚ ਪੁਰਾਣੇ ਦਿਨਾਂ ਦੀ ਗਰਮਜੋਸ਼ੀ ਦਿੱਸੀ ਤੇ ਦੁਵੱਲੇ ਫੌਜੀ ਸਬੰਧਾਂ, ਅਫ਼ਗਾਨਿਸਤਾਨ, ਅੱਤਵਾਦ, ਏਸ਼ੀਆ ਪ੍ਰਸ਼ਾਂਤ ਤੇ ਕੋਰੋਨਾ ਦੀ ਚੁਣੌਤੀ ਤੋਂ ਲੈ ਕੇ ਪੁਲਾੜ ਤੇ ਵਿ-ਗਆਨ ਦੇ ਖੇਤਰ ਵਿੱਚ ਨਵੇਂ ਸਹਿਯੋਗ ਦੇ ਮੁੱਦੇ ਉੱਤੇਗੱਲਬਾਤ ਹੋਈ।

ਅਮਰੀਕਾ ਨਾਲ ਭਾਰਤ ਦੀ ਵਧਦੀ ਰਣਨੀਤਕ ਸਾਂਝ ਅਤੇ ਚੀਨ ਨਾਲ ਰੂਸ ਦੇ ਲਗਾਤਾਰ ਮਜ਼ਬੂਤ ਹੁੰਦੇ ਤਾਲਮੇਲ ਵਿਚਾਲੇ ਨਰਿੰਦਰ ਮੋਦੀ ਅਤੇ ਵਲਾਦੀਮੀਰ ਪੁਤਿਨ ਨੇ ਇਸ ਸਿਖਰ ਬੈਠਕ ਨਾਲ ਸੰਸਾਰਪੱਧਰ ਉੱਤੇ ਇਕ ਵੱਡਾ ਸਿਆਸੀ ਸੰਕੇਤ ਦਿੱਤਾ ਹੈ ਕਿ ਬਦਲੇ ਸੰਸਾਰ ਮਾਹੌਲ ਵਿੱਚ ਵੀ ਭਾਰਤ ਤੇ ਰੂਸ ਦੇ ਸੰਬੰਧ ਪ੍ਰਸੰਗਿਕ ਰਹਿਣਗੇ ਤੇ ਦੋਵੇਂ ਦੇਸ਼ ਵਿਸ਼ਵ ਵਿਚ ਮੁੜ ਸੰਤੁਲਨ ਬਣਾਉਣ ਦੇ ਯਤਨਾਂ ਵਿਚ ਅਹਿਮ ਭੂਮਿਕਾ ਨਿਭਾਉਣਗੇ।ਏਸੇ ਲਈਰੂਸ ਵਿਚ ਕੋਰੋਨਾ ਦੇ ਵਧਦੇ ਕੇਸਾਂਤੇ ਯੂਕਰੇਨ ਵੱਲੋਂਖੜੀਆਂ ਚੁਣੌਤੀਆਂ ਦੇ ਬਾਵਜੂਦ ਭਾਵੇਂ ਕੁਝ ਘੰਟਿਆਂ ਲਈ ਸਹੀ, ਰਾਸ਼ਟਰਪਤੀ ਪੁਤਿਨ ਭਾਰਤ ਪੁੱਜੇ। ਉਨ੍ਹਾਂ ਦਾ ਕਾਫ਼ਲਾ ਹਵਾਈ ਅੱਡੇ ਤੋਂ ਸਿੱਧੇ ਹੈਦਰਾਬਾਦ ਹਾਊਸ ਪੁੱਜਾ ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦੀ ਅਗਵਾਈ ਕੀਤੀ। ਸਿਖਰ ਗੱਲਬਾਤ ਵਿਚ ਮੁੱਢਲੇ ਭਾਸ਼ਣ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਪੁਤਿਨ ਦੀ ਯਾਤਰਾ ਨੂੰ ਭਾਰਤ-ਰੂਸਸੰਬੰਧਾਂ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਦੱਸ ਕੇ ਕਿਹਾ ਕਿ ਪਿਛਲੇ 20 ਸਾਲਾਂ ਵਿਚ ਸਾਡੇ ਵਿਸ਼ੇਸ਼ ਰਣਨੀਤਕ ਸੰਬੰਧਾਂ ਵਿੱਚ ਜਿੰਨੀ ਤਰੱਕੀ ਹੋਈ ਹੈ, ਉਸ ਦੇ ਮੁੱਖ ਸੂਤਰਧਾਰ ਤੁਸੀਂ ਹੋ।

ਰਾਸ਼ਟਰਪਤੀ ਪੁਤਿਨ ਨੇ ਆਪਣੇ ਸ਼ੁਰੂਆਤੀ ਭਾਸ਼ਣ ਵਿੱਚ ਇਕ ਵਾਰ ਇਸ ਯਾਤਰਾ ਉੱਤੇ ਖ਼ੁਸ਼ੀ ਜ਼ਾਹਰ ਕੀਤੀ ਤੇ ਕਿਹਾ ਕਿ ਵਿਸ਼ਵ ਪੱਧਰੀ ਮੰਚ ਅਤੇ ਏਜੰਡੇ ਉੱਤੇਰੂਸ ਭਾਰਤ ਦੇ ਨਾਲ ਰਹੇਗਾ।ਉਨ੍ਹਾਂ ਕਿਹਾ ਕਿ ਬਹੁਤੇ ਸੰਸਾਰ ਪੱਧਰ ਦੇ ਮੁੱਦਿਆਂ ਉੱਤੇ ਦੋਵੇਂ ਦੇਸ਼ਾਂ ਦੀ ਸੋਚਇੱਕ ਹੈ। ਦੋਵਾਂ ਲਈ ਅੱਤਵਾਦ, ਨਸ਼ੀਲੇ ਪਦਾਰਥਾਂ ਦਾ ਧੰਦਾ ਤੇ ਸੰਗਠਿਤ ਕਾਰੋਬਾਰ ਚਿੰਤਾ ਦਾ ਕਾਰਨ ਹਨ। ਅਫ਼ਗਾਨਿਸਤਾਨ ਬਾਰੇ ਵੀ ਸਾਡੀ ਚਿੰਤਾ ਇੱਕੋ ਜਿਹੀ ਹੈ ਅਤੇ ਅਸੀਂ ਭਾਰਤ ਨੂੰ ਵੱਡੀ ਸ਼ਕਤੀ ਅਤੇ ਵਿਸ਼ਵਾਸ ਪਾਤਰ ਦੋਸਤ ਮੰਨਦੇ ਹਾਂ। ਮੋਦੀ-ਪੁਤਿਨ ਸਿਖਰ ਗੱਲਬਾਤ ਤੋਂ ਪਹਿਲਾਂ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਰੂਸ ਦੇ ਰੱਖਿਆ ਮੰਤਰੀ ਜਨਰਲ ਸਰਗੇਈ ਸ਼ੋਇਗੂ ਅਤੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਟੂ-ਪਲੱਸ-ਟੂਹੇਠ ਪਹਿਲੀ ਗੱਲਬਾਤ ਹੋਈ।

# ਰਸੋਈ ਵਿੱਚ ਪਾਣੀ ਪੀਣ ਗਿਆ ਅਪਾਹਜ ਅੱਗ ’ਚ ਝੁਲਸਿਆ

ਜਲੰਧਰ, 6 ਦਸੰਬਰ (ਪੋਸਟ ਬਿਊਰੋ)- ਥਾਣਾ ਪਤਾਰਾ ਦੇ ਪਿੰਡ ਤੱਲ੍ਹਣ ਵਿੱਚ 10 ਦਿਨ ਪਹਿਲਾਂ ਝੁਲਸਣ ਕਾਰਨ ਜ਼ਖ਼ਮੀ ਹੋਏ 55 ਸਾਲ ਦੇ ਵਿਅਕਤੀ ਦੀ ਮੌਤ ਹੋ ਗਈ। ਭੁਪਿੰਦਰ ਸਿੰਘ ਦੋਵਾਂ ਲੱਤਾਂ ਤੋਂ ਅਪਾਹਜ ਸੀ।

ਬੀਤੀ 26 ਨਵੰਬਰ ਨੂੰ ਭੁਪਿੰਦਰ ਘਰ ਵਿੱਚਸੀ ਤੇ ਉਨ੍ਹਾਂ ਦੀ ਪਤਨੀ ਕਿਰਨਦੀਪ ਕੌਰ ਕੰਮ ਕਰ ਰਹੀ ਸੀ। ਇਸ ਦੌਰਾਨ ਭੁਪਿੰਦਰ ਪਾਣੀ ਪੀਣ ਲਈ ਕਿਸੇ ਤਰ੍ਹਾਂ ਰਸੋਈ ਵਿੱਚ ਪਹੁੰਚੇ ਜਿੱਥੇ ਗੈਸ ਉੱਤੇ ਦਾਲ ਸੀ। ਇਕਦਮ ਉਥੇ ਅੱਗ ਲੱਗ ਗਈ ਤਾਂ ਅਪਾਹਜ ਹੋਣ ਕਾਰਨ ਉਹ ਤੁਰੰਤ ਭੱਜ ਕੇ ਬਾਹਰ ਨਹੀਂ ਨਿਕਲ ਸਕੇ। ਬੁਰੀ ਤਰ੍ਹਾਂ ਝੁਲਸੇ ਭੁਪਿੰਦਰ ਸਿੰਘ ਦੀ ਆਵਾਜ਼ ਸੁਣ ਕੇ ਪਰਵਾਰ ਨੂੰ ਹਾਦਸੇ ਦਾ ਪਤਾ ਲੱਗਾ। ਪਤਨੀ ਨੇ ਕਿਸੇ ਤਰ੍ਹਾਂ ਅੱਗ ਬੁਝਾਈ ਅਤੇ ਆਸਪਾਸ ਦੇ ਲੋਕਾਂ ਦੀ ਮਦਦ ਨਾਲ ਸਿਵਲ ਹਸਪਤਾਲ ਪੁਚ-ਾਇਆ ਜਿੱਥੋਂ ਉਨ੍ਹਾਂ ਨੂੰ ਜੌਹਲ ਹਸਪਤਾਲ ਰੈਫਰ ਕਰ ਦਿੱਤਾ ਗਿਆ। ਭੁਪਿੰਦਰ ਸੱਤਰ ਫੀਸਦੀ ਸੜ ਚੁੱਕੇ ਸਨ। ਕੱਲ੍ਹ ਦੇਰ ਰਾਤ 11 ਵਜੇ ਉਨ੍ਹਾਂ ਨੇ ਦਮ ਤੋੜ ਦਿੱਤਾ। ਪਿੰਡ ਕਾਦੀਆਂਵਾਲੀ ਵਿੱਚ ਤੀਹ ਸਾਲ ਦੇ ਨੌਜਵਾਨ ਨੇ ਫਾਹਾ ਲਾ ਕੇ ਸੁਸਾਈਡ ਕਰ ਲਿਆ। ਸੁਸਾਈਡ ਦਾ ਕਾਰਨ ਪਤਾ ਨਹੀਂ ਲੱਗਾ। ਮ੍ਰਿਤਕ ਕੁਲਦੀਪ ਦੀ ਪਤਨੀ ਅਨੀਤਾ ਰਾਣੀ ਦੇ ਬਿਆਨ ਉੱਤੇ ਪੁਲਸ ਨੇ ਕਾਰਵਾਈ ਕੀਤੀ ਹੈ। ਕੁਲਦੀਪ ਦੀ ਪਤਨੀ ਅਨੀਤਾ ਬਿਲਗਾ ਵਿੱਚ ਪੇਕੇ ਗਈ ਸੀ। ਘਰ ਤੋਂ ਕੋਈ ਸੁਸਾਈਡ ਨੋਟ ਜਾਂ ਸ਼ੱਕੀ ਚੀਜ਼ ਨਹੀਂ ਮਿਲੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
Super Visa
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ >>

ਸਿਰਸਾ ਗਏ ਤੋਂ ਇੰਜ ਦੀ ਹੋਈ ਹਲਚਲ,
ਲੀਡਰ ਲੱਗੇ ਸਭ ਸ਼ੱਕ ਜਿਹੇ ਕਰਨ ਬੇਲੀ।
ਕੌਣ ਦਿੱਲੀ ਨੂੰ ਗਿਆ ਤਾਂ ਗਿਆ ਕਾਹਤੋਂ,
ਕੀਹਦੀ ਗਿਆ ਸੀ ਹਾਜ਼ਰੀ ਭਰਨ ਬੇਲੀ।
ਸੱਦਿਆ ਕਿਸੇ ਜਾਂ ਗਿਆ ਸੀ ਕੰਮ ਨਿੱਜੀ,
ਜਾਂ ਫਿਰ ਗਿਆ ਗੁਤਾਵਾ ਹੈ ਚਰਨ ਬੇਲੀ।
ਗਿਆ ਕੌਣ ਤਾਂ ਕੋਈ ਨਹੀਂ ਫਰਕ ਪੈਂਦਾ,
ਕਿਹੜਾ ਜਾਊ ਤਾਂ ਔਖਾ ਈ ਜਰਨ ਬੇਲੀ।
ਨੀਲਾ ਅੱਜ ਦਾ ਭਲਕ ਤੱਕ ਹੋਊ ਭਗਵਾ,
ਭਗਵਾ ਭਲਕ ਨੂੰ ਚਿੱਟਾ ਬਈ ਹੋ ਸਕਦੈ।
ਚਿੱਟਾ ਚਾਅ ਨਾਲ ਝਾੜੂ ਵੀ ਚੁੱਕ ਸਕਦੈ,
ਬਦਲ ਕੇ ਧਿਰਾਂ ਫਿਰ ਕੋਈ ਖੜੋ ਸਕਦੈ।

**ਤੀਸ ਮਾਰ ਖਾਂ**

# ਕਾਂਗਰਸ ਨੇ ਜਾਖੜ ਨੂੰ ਚੋਣ ਪ੍ਰਚਾਰ ਦੀ ਕਮਾਂਡ ਸੌਂਪੀ, ਪ੍ਰਤਾਪ ਬਾਜਵਾ ਮੈਨੀਫੈਸਟੋ ਕਮੇਟੀ ਦਾ ਮੁਖੀ

* ਬਾਜਵਾ ਵੱਲੋਂ ਕਾਦੀਆਂ ਤੋਂ ਚੋਣ ਲੜਨ ਦਾ ਐਲਾਨ




ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਦੀਆਂ ਚੋਣਾਂ ਲਈ ਕਾਂਗਰਸ ਹਾਈਕਮਾਨ ਨੇ ਚੋਣ ਕਮੇਟੀਆਂ ਦਾ ਐਲਾਨ ਕਰਦੇ ਹੋਏ ਨਵਜੋਤ ਸਿੰਘ ਸਿੱਧੂ ਨੂੰ ਝਟਕਾ ਦੇ ਕੇ ਵਿਰੋਧੀਆਂ ਨੂੰ ਵੱਡੀ ਜ਼ਿੰਮੇਵਾਰੀ ਦੇ ਦਿੱਤੀ ਹੈ। ਹਾਈਕਮਾਨ ਨੇ ਅਗਲੀਆਂ ਚੋਣਾਂ ਦੀ ਪ੍ਰਚਾਰ ਕਮੇਟੀ ਦੀ ਚੇਅਰਮੈਨੀ ਸੁਨੀਲ ਜਾਖੜ ਦੇ ਹੱਥ ਦੇਣ ਦੇ ਨਾਲ ਪ੍ਰਤਾਪ ਸਿੰਘ ਬਾਜਵਾ ਨੂੰ ਮੈਨੀਫੈਸਟੋ ਕਮੇਟੀ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ।

ਇਸ ਬਾਰੇ ਕਾਂਗਰਸ ਪਾਰਟੀ ਦੇ ਬਿਆਨ ਮੁਤਾਬਕ ਅਗਲੀਆਂ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਵਾਸਤੇ ਬਣਾਈ ਸਕਰੀਨਿੰਗ ਕਮੇਟੀ ਦੀ ਅਗਵਾਈ ਕਾਂਗਰਸ ਦੇ ਜਨਰਲ ਸੈਕਟਰੀ ਅਜੈ ਮਾਕਨ ਕਰਨਗੇ ਅਤੇ ਚੰਦਨ ਯਾਦਵ ਤੇ ਕ੍ਰਿਸ਼ਨਾ ਅਲਵਾਰੂ ਮੈਂਬਰ ਹੋਣਗੇ। ਇਸ ਕਮੇਟੀ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ, ਪੰਜਾਬ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਚੋਣ ਪ੍ਰਚਾਰ ਕਮੇਟੀ ਦੇ ਮੁਖੀ ਸੁਨੀਲ ਜਾਖੜ, ਮੈਨੀਫੈਸਟੋ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਸੈਕਟਰੀ ਕਾਰਜਕਾਰੀ ਮੈਂਬਰ ਹੋਣਗੇ। ਸਕਰੀਨਿੰਗ ਕਮੇਟੀ ਟਿਕਟ ਦੇ ਦਾਅਵੇਦਾਰਾਂ ਦੀ ਸੂਚੀ ਦਿੱਲੀ ਭੇਜੇਗੀ ਤੇ ਕੇਂਦਰੀ ਚੋਣ ਕਮੇਟੀ ਟਿਕਟ ਆਖਰੀ ਫੈਸਲਾ ਲਵੇਗੀ। ਕੇਂਦਰੀ ਕਮੇਟੀ ਵਿੱਚ ਸੋਨੀਆ ਗਾਂਧੀ, ਰਾਹੁਲ ਗਾਂਧੀ ਸਮੇਤ ਕਾਂਗਰਸ ਦੇ ਕਈ ਵੱਡੇ ਨੇਤਾ ਹਨ।ਪੰਜਾਬ ਵਿਧਾਨ ਸਭਾ ਚੋਣਾਂ ਲਈ ਸਕਰੀਨਿੰਗ ਕਮੇਟੀ ਦੇ ਨਾਲ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਤਿੰਨ ਹੋਰ ਕਮੇਟੀਆਂ ਬਣਾਈਆਂ ਹਨ। ਪਾਰਟੀ ਦੀ ਜਨਰਲ ਸੈਕਟਰੀਤੇ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਨੂੰ ਇਨ੍ਹਾਂ ਚੋਣਾਂ ਦੀ ਤਾਲਮੇਲ ਕਮੇਟੀ ਦਾ ਮੁਖੀ ਥਾਪ ਦਿੱਤਾ ਗਿਆ ਹੈ। ਉਹ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਕਾਫੀ ਕਰੀਬ ਹਨ। ਇਸ ਦੇ ਨਾਲ ਕਾਂਗਰਸ ਨੇ ਚੋਣ ਪ੍ਰਚਾਰ ਦੀ ਵਾਗ-ਡੋਰ ਸੁਨੀਲ ਜਾਖੜ ਦੇ ਹੱਥ ਦੇ ਦਿੱਤੀ ਹੈ। ਸੁਨੀਲ ਜਾਖੜ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ।

ਦੂਸਰੇ ਪਾਸੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਐਲਾਨਕਰ ਦਿਤਾ ਕਿ ਹਲਕਾ ਕਾਦੀਆਂ ਵਿੱਚੋਂ ਵਿਧਾਨ ਸਭਾ 2022 ਦੀ ਵਿਧਾਨ ਸਭਾ ਚੋਣ ਮੈਂ ਲੜਾਂਗਾਤੇ ਫਤਹਿ ਜੰਗ ਬਾਜਵਾ ਬਾਰੇ ਪਰਮਾਤਮਾ ਜਾਣੇ। ਪ੍ਰਤਾਪ ਸਿੰਘ ਬਾਜਵਾ ਨੇ ਹਲਕਾ ਕਾਦੀਆ ਤੋਂ ਚੋਣ ਲੜਨ ਦਾ ਦਾਅਵਾ ਕਰਕੇ ਸੰਕੇਤ ਦੇਦਿੱਤਾ ਹੈ ਕਿ ਹਾਈ ਕਮਾਂਡ ਤੋਂ ਉਨ੍ਹਾਂ ਨੂੰ ਸਿਗਨਲ ਮਿਲ ਗਿਆ ਹੈ।ਉਹਅੱਜ ਹਲਕਾ ਕਾਦੀਆਂ ਦੇ ਕਸਬਾ ਭੈਣੀ ਮੀਆਂ ਖ਼ਾਂਵਿੱਚ ਕਾਂਗਰਸ ਵਰਕਰਾਂ ਨਾਲ ਬੈਠਕ ਲਈ ਆਏ ਸਨ, ਜਿੱਥੇ ਉਨ੍ਹਾਂ ਨੇ ਕਿਹਾ ਕਿ ਹਾਈ ਕਮਾਂਡ ਤੋਂ ਹਰੀ ਝੰਡੀ ਮਿਲ ਚੁੱਕੀ ਹੈ ਅਤੇ ਮੈਂ ਜੱਦੀ ਹਲਕੇ ਕਾਦੀਆਂ ਤੋਂ ਲੋਕਾਂ ਦੀ ਸੇਵਾ ਕਰਾਂਗਾ। ਇਸ ਦੇ ਨਾਲ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਅਮਰਿੰ-ਦਰ ਸਿੰਘ ਤੇ ਭਾਜਪਾ ਗਠਜੋੜ ਬਾਰੇ ਕਿਹਾ ਕਿ ਕੈਪਟਨ ਕਾਂਗਰਸ ਵਿੱਚ ਘੋੜੇ ਉੱਤੇ ਸਵਾਰ ਸਨ, ਦੂਸਰਾ ਕੌਣ ਉਨ੍ਹਾਂ ਨੂੰ ਘੋੜੇ ਉੱਤੇ ਸਵਾਰ ਹੋਣ ਦੇਵੇਗਾ।ਉਨ੍ਹਾ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦਾ ਮੁਕਾ-ਬਲਾ ਕੋਈ ਨਹੀਂ, ਸਾਡਾ ਮੁਕਾਬਲਾ ਆਪਣੇ ਆਪ ਨਾਲ ਹੈ।

# ਪੰਜਾਬ ਸਰਕਾਰ ਨੂੰ ਝਟਕਾ: ਹਾਈ ਕੋਰਟ ਨੇ ਕਿਹਾ: ਡਰੱਗ ਕੇਸਦੀ ਰਿਪੋਰਟ ਖੋਲ੍ਹਣ ਦੀ ਰੋਕ ਨਹੀਂ ਤਾਂ ਕਾਰਵਾਈ ਕਿਉਂ ਨਾ ਹੋਈ




ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ 6 ਹਜ਼ਾਰ ਕਰੋੜ ਰੁਪਏ ਦੇ ਬਹੁ-ਚਰਚਿਤ ਡਰੱਗ ਕੇਸ ਵਿੱਚਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਖ਼ਤ ਫਟਕਾਰ ਲਾਈ ਹੈ।

ਹਾਈ ਕੋਰਟਵਿੱਚ ਅੱਜ ਪੰਜਾਬ ਸਰਕਾਰ ਦੇ ਵਕੀਲਾਂ ਨੇ ਮੰਨਿਆ ਕਿ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਦੀ ਸੀਲਬੰਦ ਰਿਪੋਰਟ ਹਾਈ ਕੋਰਟਵਿੱਚ ਹੈ, ਜਿਸ ਨੂੰ ਖੋਲ੍ਹਣ ਤੋਂ ਰੋਕਿਆ ਨਹੀਂ ਗਿਆ, ਇਸ ਉੱਤੇਕੋਰਟ ਨੇ ਸਖ਼ਤੀ ਨਾਲ ਪੁੱਛਿਆ ਕਿ ਫਿਰ ਉਨ੍ਹਾਂ ਨੇ ਅੱਜ ਤੱਕ ਕਾਰਵਾਈ ਕਿਉਂ ਨਾ ਕੀਤੀ। ਸਰਕਾਰ ਇਸ ਕੇਸ ਵਿੱਚ ਹਾਈ ਕੋਰਟ ਦੇ ਹੁਕਮਾਂ ਦੀ ਉਡੀਕ ਕਿਉਂ ਕਰਦੀ ਹੈ? ਹਾਈ ਕੋਰਟ ਨੇ ਇਹ ਵੀ ਪੁੱਛਿਆ ਕਿ ਜੇ ਇਸ ਕੇਸ ਵਿੱਚਹਾਈ ਕੋਰਟ ਤੋਂ ਸਟੇਅ ਨਹੀਂ ਤਾਂ ਸਰਕਾਰ ਨੇ ਅੱਜ ਤੱਕ ਕਾਰਵਾਈ ਕਿਉਂ ਨਾ ਕੀਤੀ। ਇਸ ਕੇਸ ਦੀ ਅਗਲੀ ਸੁਣਵਾਈ 9 ਦਸੰਬਰ ਨੂੰ ਹੋਵੇਗੀ ਅਤੇ ਐੱਸ ਟੀ ਐੱਫ ਦੀ ਸੀਲਬੰਦ ਰਿਪੋਰਟ ਖੋਲ੍ਹਣਬਾਰੇ ਉਸੇ ਦਿਨ ਫੈਸਲਾ ਆ ਸਕਦਾ ਹੈ।

ਐਡਵੋਕੇਟ ਨਵਕਿਰਨ ਸਿੰਘ ਦੇ ਮੁਤਾਬਕ ਪਿਛਲੇ ਐਡਵੋਕੇਟ ਜਨਰਲ ਨੇ ਆਖਿਆ ਸੀ ਕਿ ਸਾਨੂੰ ਹਾਈ ਕੋਰਟ ਦੇ ਹੁਕਮਾਂ ਦੀ ਉਡੀਕ ਕਰਨੀ ਚਾਹੀਦੀ ਹੈ, ਪਰਦਿੱਲੀ ਤੋਂ ਆਏ ਨਵੇਂ ਐਡਵੋਕੇਟ ਜਨਰਲ ਅਤੇ ਵਕੀਲਾਂ ਨੇ ਕਿਹਾ ਕਿ ਇਸ ਉੱਤੇ ਕੋਈ ਰੋਕ ਨਹੀਂ। ਇਸ ਤੋਂ ਬਾਅਦ ਹਾਈ ਕੋਰਟ ਨੇ ਸਰਕਾਰ ਉੱਤੇ ਸਵਾਲ ਖੜ੍ਹੇ ਕੀਤੇ ਹਨ।

ਇਸ ਦੌਰਾਨ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਉਨ੍ਹਾਂ ਨੂੰ ਇਸ ਕੇਸਦੀ ਧਿਰ ਬਣਾਉਣ ਨੂੰ ਕਿਹਾ ਹੈ।ਉਨ੍ਹਾਕਿਹਾ ਕਿ ਐਸਟੀਐਫ ਦੀ ਜਾਂਚ ਰਿਪੋਰਟ ਹਾਈ ਕੋਰਟਵਿੱਚ ਸੀਲਬੰਦ ਹੋਣ ਦੇ ਬਾਵਜੂਦ ਵਿਰੋਧੀ ਅਤੇ ਖਾਸ ਕਰਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਇਸ ਵਿੱਚ ਉਨ੍ਹਾਂ ਦਾ ਨਾਂ ਹੋਣ ਦਾ ਦਾਅਵਾ ਕਰ ਰਹੇ ਹਨ। ਮਜੀਠੀਆ ਨੇ ਪੁੱਛਿਆ ਕਿ ਸਿੱਧੂ ਨੂੰ ਕਿਵੇਂ ਪਤਾ ਹੈ ਕਿ ਇਸ ਵਿੱਚ ਮੇਰਾ ਨਾਮ ਹੈ, ਇਹ ਮੇਰੇ ਵਿਰੁੱਧ ਸਾਜ਼ਿਸ਼ ਰਚੀ ਜਾ ਰਹੀ ਹੈ। ਉਸ ਨੇ ਵਕੀਲ ਰਾਹੀਂ ਮੰਗ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਤੋਂ ਪਹਿਲਾਂ ਉਸ ਦਾ ਪੱਖ ਸੁਣਿਆ ਜਾਵੇ, ਪਰ ਅਦਾਲਤ ਵਿੱਚ ਉਨ੍ਹਾਂ ਦੇ ਵਕੀਲਾਂ ਦੀਆਂ ਦਲੀਲਾਂ ਨਹੀਂ ਚੱਲ ਸਕੀਆਂ।

# ਔਰਬਿਟ ਅਤੇ ਨਿਊ ਦੀਪ ਕੰਪਨੀ ਦੇ ਪਰਮਿਟ ਰੱਦ ਕਰਨ ਦੇ ਸਰਕਾਰੀ ਹੁਕਮ ਹਾਈ ਕੋਰਟ ਵੱਲੋਂ ਰੱਦ




ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਬਾਦਲ ਪਰਵਾਰ ਦੀ ਔਰਬਿਟ ਬੱਸ ਕੰਪਨੀ ਤੇ ਇੱਕ ਅਕਾਲੀ ਆਗੂ ਦੀ ਨਿਊ ਦੀਪ ਕੰਪਨੀ ਦੀਆਂ ਬੱਸਾਂ ਜ਼ਬਤ ਤੇ ਪਰਮਿਟ ਰੱਦ ਕਰਨ ਦੇ ਕੇਸਬਾਰੇ ਅੱਜ ਸੋਮਵਾਰ ਪੰਜਾਬ-ਹਰਿਆਣਾ ਹਾਈ ਕੋਰਟਵਿੱਚ ਸੁਣਵਾਈ ਦੌਰਾਨ ਕੋਰਟ ਨੇ ਪੰਜਾਬ ਸਰਕਾਰ ਵੱਲੋਂਕੇਸਵਿੱਚਬੱਸਾਂ ਜਬਤ ਕਰਨ ਅਤੇ ਪਰਮਿਟ ਰੱਦ ਕਰਨ ਦੇ ਹੁਕਮਾਂ ਨੂੰ ਰੱਦ ਕਰਕੇ ਰਾਜ ਸਰਕਾਰ ਨੂੰ ਵੱਡਾ ਝਟਕਾ ਦੇਦਿੱਤਾ ਹੈ।

ਅੱਜ ਸੁਣਵਾਈ ਦੌਰਾਨ ਪੰਜਾਬ ਹਰਿਆਣਾਹਾਈ ਕੋਰਟ ਨੇ ਦੋਵੇਂ ਬੱਸ ਕੰਪਨੀਆਂ ਨੂੰ ਰਾਹਤ ਦਿੱਤੀ ਅਤੇ ਉਨ੍ਹਾਂ ਦੀਆਂ ਪਟੀਸ਼ਨਾਂ ਪ੍ਰਵਾਨ ਕਰ ਲਈਆਂ। ਇਨ੍ਹਾਂ ਦੋਵਾਂ ਕੇਸਾਂਵਿੱਚ ਐਡਵੋਕੇਟ ਜਨਰਲ ਡੀ ਐਸ ਪਟਵਾਲੀਆ ਪੇਸ਼ ਹੋਏ ਸਨ ਤੇ ਸਰਕਾਰ ਇਹ ਦੋਵੇਂ ਕੇਸ ਹਾਈ ਕੋਰਟ ਵਿੱਚ ਹਾਰ ਗਈ। ਇਸ ਤੋਂ ਸਮਝਿਆ ਜਾ ਰਿਹਾ ਹੈ ਕਿ ਪਟਵਾਲੀਆ ਆਪਣੇ ਮੁੱਢਲੇ ਦਿਨਾਂ ਵਿੱਚ ਹੀ ਇਨ੍ਹਾਂ ਦੋਮਹੱਤਵ ਪੂਰਨ ਕੇਸਾਂ ਵਿਚ ਪੰਜਾਬ ਸਰਕਾਰ ਦਾ ਬਚਾਅ ਕਰਨ ਜੋਗੇ ਸਾਬਤ ਨਹੀਂ ਹੋਏ। ਪਟਵਾਲੀਆ ਨੇ ਆਪਣੇਵੱਲੋਂ ਇਨ੍ਹਾਂ ਦੋਕੇਸਾਂ ਦਾ ਵਧੀਆ ਢੰਗ ਨਾਲ ਬਚਾਅ ਕੀਤਾ,ਪਰ ਉਹ ਕਿਸੇ ਵੀ ਤਰ੍ਹਾਂ ਸਰਕਾਰ ਦੇ ਉਹ ਹੁਕਮ ਨਹੀਂ ਬਚਾ ਸਕੇ, ਜਿਨ੍ਹਾਂ ਤਹਿਤ ਸਰਕਾਰ ਨੇ ਨਿਊ ਦੀਪ ਤੇ ਬਾਦਲ ਪਰਵਾਰ ਦੇ ਔਰਬਿਟ ਐਵੀਏਸ਼ਨ ਦੇ ਪਰਮਿਟ ਰੱਦ ਕਰਕੇ ਬੱਸਾਂ ਨੂੰ ਜ਼ਬਤ ਕੀਤਾ ਸੀ।

ਵਰਨਣ ਯੋਗ ਹੈ ਕਿ ਇਸਤੋਂ ਪਹਿਲਾਂ ਹਾਈ ਕੋਰਟ ਤੋਂ ਪੰਜਾਬ ਸਰਕਾਰ ਵੱਲੋਂਬੱਸਾਂ ਜ਼ਬਤ ਕੇਸਵਿੱਚਔਰਬਿਟ ਬੱਸ ਕੰਪਨੀ ਨੂੰ ਰਾਹਤ ਮਿਲੀ ਸੀ, ਜਦਕਿ ਨਿਊ ਦੀਪ ਬੱਸ ਕੰਪਨੀ ਨੂੰ ਰਾਹਤ ਨਹੀਂ ਮਿਲੀ ਸੀ।

# ਕੈਪਟਨ ਅਮਰਿੰਦਰ ਨੇ ਕਿਹਾ: ਨੰਬਰ ਵੰਨ ਮੈਂ ਹੀ ਹਾਂ, ਅਸੀਂ ਪੰਜਾਬ ਜਿੱਤਾਂਗੇ, ਮੇਰੇ ਜਾਣ ਮਗਰੋਂ ਬੇੜਾ ਗਰਕ ਕਰ ਦਿੱਤੈ



ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਚੰਡੀਗੜ੍ਹ ਦੇ ਸੈਕਟਰ-9 ਵਿਚ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਦਾ ਦਫ਼ਤਰ ਖੋਲ੍ਹ ਲਿਆ ਹੈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚੋਣਾਂ ਲਈ ਘੱਟ ਸਮਾਂ ਸਾਡੇ ਲਈ ਕੋਈ ਚੁਣੌਤੀ ਨਹੀਂ, ਕਿਉਂਕਿ ਮੈਂ ਹੀ ਪੰਜਾਬ ਵਿਚ ਇਕ ਨੰਬਰ ਦਾਆਗੂ ਹਾਂ। ਉਨ੍ਹਾਂ ਦੱਸਿਆ ਕਿ ਸਾਲ 1980 ਵਿਚ ਉਨ੍ਹਾਂ ਨੇ ਅਕਾਲੀ ਦਲ ਦੇ ਅਜੀਤ ਸਿੰਘ ਨੂੰ 14 ਦਿਨਾਂ ਵਿੱਚ ਹਰਾਇਆ ਅਤੇ ਓਦੋਂ ਉਹ ਡੇਢ ਲੱਖ ਵੋਟਾਂ ਨਾਲ ਜਿੱਤੇ ਸਨ। ਉਨ੍ਹਾ ਨੇ ਰਸਮੀ ਤੌਰ ਉਤੇ ਆਪਣੀ ਨਵੀਂ ਸਿਆਸੀ ਪਾਰੀ ਸ਼ੁਰੂ ਕਰਦੇ ਹੋਏ ਅੱਜ ਚੰਡੀਗੜ੍ਹ ਵਿਚ ਆਪਣੀ ਨਵੀ ਬਣਾਈ ਪਾਰਟੀ ਦੇ ਦਫਤਰ ਦਾ ਉਦਘਾਟਨ ਕੀਤਾ ਤੇ ਕਿਹਾ ਕਿ ਮੇਰੇ ਜਾਣ ਪਿੱਛੋਂ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਗਿਆ ਹੈ,ਸਰਕਾਰ ਦੇ ਐਲਾਨਾਂ ਉਤੇ ਹਾਸਾ ਆਉਂਦਾ ਹੈ, ਚੋਣ ਜ਼ਾਬਤਾ ਲੱਗਣ ਵਾਲਾ ਹੈ ਤੇ ਇਹ ਐਲਾਨ ਕਰੀ ਜਾਂਦੇ ਹਨ।ਇਹ ਸਭ ਲੋਕਾਂ ਨੂੰ ਮੂਰਖ ਬਣਾਉਣ ਦਾ ਕੰਮ ਹੈ। ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਭਾਜਪਾ ਤੇ ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਸੰਯੁਕਤ ਨਾਲ ਰਲ ਕੇ ਚੋਣਾਂ ਲੜੇਗੀ ਤੇ ਪੰਜਾਬ ਵਿਚ ਸਰਕਾਰ ਬਣਾਵੇਗੀ।

# ਰਾਘਵ ਚੱਢਾ ਵੱਲੋਂ ਦੋਸ਼: ਮੁੱਖ ਮੰਤਰੀ ਚੰਨੀ ਨੇ ਇਤਰਾਜ਼ ਯੋਗ ਸ਼ਬਦ ਬੋਲ ਕੇ ਖੱਤਰੀ ਸਮਾਜ ਦਾ ਅਪਮਾਨ ਕੀਤੈ



ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ, ਦਿੱਲੀ ਤੋਂ ਵਿਧਾਇਕ ਤੇ ਪੰਜਾਬ ਦੇ ਇੰਚਾਰਜ ਰਾਘਵ ਚੱਢਾ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ ਰਾਘਵ ਚੱਢਾ ਦੀ ਜਾਤੀਖੱਤਰੀਦੇ ਬਾਰੇ ਅਪ-ਸ਼ਬਦ ਬੋਲਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਮੁੱਖ ਮੰਤਰੀ ਚੰਨੀ ਨੇ ਏਦਾਂ ਦੇ ਸ਼ਬਦ ਬੋਲ ਕੇ ਖੱਤਰੀ ਸਮਾਜ ਦਾ ਅਪਮਾਨ ਕੀਤਾ ਹੈ, ਜਿਸ ਕਾਰਨ ਸਾਰੇਖੱਤਰੀ ਸਮਾਜ ਵਿੱਚਮੁੱਖ ਮੰਤਰੀ ਚੰਨੀ ਬਾਰੇ ਗੁੱਸਾ ਹੈ।

ਅੱਜ ਸੋਮਵਾਰ ਨੂੰ ਪੰਜਾਬ ਪਾਰਟੀ ਦੇ ਮੁੱਖ ਦਫ਼ਤਰ ਵਿਖੇ ਮੀਡੀਆ ਨੂੰ ਸੰਬੋਧਨ ਕਰਦਿਆਂ ਰਾਘਵ ਚੱਢਾ ਨੇ ਕਿਹਾ, 'ਮੈਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹਲਕੇ ਦੇ ਪਿੰਡ ਜਿੰਦਾਪੁਰ ਵਿੱਚ ਨਜਾਇਜ਼ ਮਾਇਨਿੰਗ ਵਾਲੀ ਥਾਂ ਪੰਜਾਬ ਦੇ ਲੋਕਾਂ ਕੋਲ ਬੇਪਰਦ ਕਰ ਕੇਕਿਹਾ ਸੀ ਕਿ ਮੁੱਖ ਮੰਤਰੀ ਚੰਨੀ ਦੀ ਸਰਪ੍ਰਸਤੀ ਵਿੱਚ ਰੇਤ ਮਾਫੀਆ ਚੱਲਦਾ ਹੈ। ਇਸ ਨਾਲ ਭੜਕੇਮੁੱਖ ਮੰਤਰੀ ਚੰਨੀ ਨੇ ਰੋਪੜ ਵਿਖੇ ਮੀਡੀਆ ਸਾਹਮਣੇ ਮੇਰੇ ਗੋਤ, ਜਾਤ ਅਤੇ ਸਮਾਜ ਬਾਰੇ ਬਹੁਤ ਇਤਰਾਜ਼ ਜਨਕ ਸ਼ਬਦ ਬੋਲੇ ਹਨ।'ਚੱਢਾ ਨੇ ਕਿਹਾ ਕਿ ਪੂਰੇ ਪੰਜਾਬ ਵਿੱਚੋਂ ਖਤਰੀ ਸਮਾਜ ਦੇ ਲੋਕਾਂ ਨੇ ਮੁੱਖ ਮੰਤਰੀ ਚੰਨੀ ਵੱਲੋਂ ਅਪਸ਼ਬਦ ਬੋਲਣ ਦਾ ਬੁਰਾ ਮਨਾਇਆ ਅਤੇ ਉਨ੍ਹਾਂ (ਚੱਢਾ) ਨੂੰ ਫੋਨ ਕਰਕੇ ਰੋਸ ਜ਼ਾਹਰ ਕੀਤਾ ਹੈ। ਉਨ੍ਹਾਂ ਕਿਹਾ, 'ਮੁੱਖ ਮੰਤਰੀ ਚੰਨੀ ਮੈਨੂੰ ਜੋ ਮਰਜੀ ਕਹਿਣ, ਮੈਂ ਸਹਿ ਸਕਦਾ ਹਾਂ, ਪਰ ਮੇਰੀ ਜਾਤ ਤੇ ਖੱਤਰੀ ਸਮਾਜ ਬਰਦਾਸ਼ਤ ਨਹੀਂ ਕਰੇਗਾ।ਮੁੱਖ ਮੰਤਰੀ ਚੰਨੀ ਖੱਤਰੀ ਜਾਤ ਨੂੰ ਗਾਲ੍ਹ ਨਾ ਦੇਣ।' ਚੱਢਾ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਕਹੇ ਹੋਏ ਸ਼ਬਦ ਉਹ ਦੁਹਰਾਉਣਾ ਨਹੀਂ ਚਾਹੁੰਦੇ, ਕਿਉਂਕਿ ਪੰਜਾਬ ਵਿਚਲੀਹਰ ਬਰਾਦਰੀ ਦੇ ਲੋਕ ਇੱਕ ਛੱਤਰੀ ਥੱਲੇ ਰਹਿੰਦੇ ਹਨ।

ਇਸ ਮੌਕੇ ਰਾਘਵ ਚੱਢਾ ਨੇ ਮੁੱਖ ਮੰਤਰੀ ਚਰਨਜੀਤ ਚੰਨੀ ਉੱਤੇਨਾਜਾਇਜ਼ ਮਾਈਨਿੰਗ ਕਰਾਉਣ ਦੇ ਦੋਸ਼ ਦੁਹਰਾ ਕੇ ਕਿਹਾ ਕਿ ਜਿੱਥੇ ਸਾਡੀ ਟੀਮ ਨੇ ਰੇਡ ਕੀਤੀ, ਉਥੇ ਸ਼ਰੇਆਮ ਨਾਜਾਇਜ਼ ਮਾਈਨਿੰਗ ਹੁੰਦੀ ਹੈ ਤੇ ਚੰਨੀ ਸਾਹਿਬ ਕਹਿੰਦੇ ਹਨ ਕਿ ਮੈਨੂੰ ਇਸ ਦਾ ਪਤਾ ਨਹੀਂ।ਚੱਢਾ ਨੇ ਕਿਹਾ ਕਿ ਮੁੱਖ ਮੰਤਰੀ ਚੰਨੀ ਖੁਦ ਸਭ ਤੋਂ ਵੱਡੇ ਰੇਤ ਮਾਫੀਆ ਹਨ।ਉਨ੍ਹਾਂ ਕਿਹਾ ਕਿ ਜਿੱਥੇ ਅਸੀਂ ਰੇਡ ਕੀਤੀ, ਉਥੇ ਚੱਲਦੀ ਨਜਾਇਜ਼ ਮਾਈਨਿੰਗ ਦੋ-ਤਿੰਨ ਘੰਟੇ ਬੰਦ ਹੋ ਗਈ, ਪਰ ਬਾਅਦ ਵਿਚ ਫਿਰ ਚੱਲ ਪਈ, ਜਿਸ ਤੋਂ ਪਤਾ ਲੱਗਦਾ ਹੈ ਕਿ ਮਾਈਨਿੰਗ ਮਾਫੀਆ ਕਿੰਨਾ ਨਿੱਡਰ ਹੈ। ਇਸ ਦੌਰਾਨ ਉਨ੍ਹਾਂ ਇਕ ਵੀਡੀਓ ਕਲਿੱਪ ਪੇਸ਼ ਕੀਤਾ, ਜਿਸ ਵਿੱਚ ਜਿੰਦਾਪੁਰ ਤੇ ਹੋਰ ਪਿੰਡਾਂ ਦੇ ਨਾਮੀ ਲੋਕ ਅਤੇ ਆਗੂ ਆਖਦੇ ਹਨ ਕਿ ਜਿੰਦਾਪੁਰ ਪਿੰਡ ਦੇ ਦਰਿਆ ਨੇੜੇ ਲੰਬੇ ਸਮੇਂ ਤੋਂ ਨਾਜ-ਾਇਜ਼ ਮਾਈਨਿੰਗ ਚੱਲਦੀ ਹੈ ਤੇ ਇਹ ਹਲਕਾ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਹੈ।

# ਚੋਰੀ ਕੀਤਾ ਬੱਚਾ 10 ਘੰਟੇ ਬਾਅਦ ਬਰਾਮਦ

ਮੋਗਾ, 6 ਦਸੰਬਰ (ਪੋਸਟ ਬਿਊਰੋ)- ਮੋਗਾ ਦੇ ਸਰਕਾਰੀ ਹਸਪਤਾਲ ਦੇ ਜੱਚਾ-ਬੱਚਾ ਵਾਰਡ ਵਿੱਚੋਂ ਨੌਂ ਮਹੀਨੇ ਦੇਬੱਚੇ ਨੂੰ ਚੋਰੀ ਕਰ ਕੇ ਅੱਗੇ ਵੇਚ ਦਿੱਤੇ ਜਾਣ ਤੋਂ ਬਾਅਦ ਪੁਲਸ ਨੇ ਚੋਰੀ ਹੋਏ ਬੱਚੇ ਨੂੰ 10 ਘੰਟੇ ਦੇ ਵਿੱਚ ਬਰਾਮਦ ਕਰ ਕੇ ਬੱਚੇ ਨੂੰ ਖਰੀਦਣ ਵਾਲੇ ਵਿਅਕਤੀ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਬੱਚਾ ਚੋਰੀ ਕਰਨ ਵਾਲਾ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ। ਪੁਲਸ ਨੇ ਬਰਾਮਦ ਕੀਤੇ ਬੱਚੇ ਨੂੰ ਉਸ ਦੇ ਪਰਵਾਰ ਦੇ ਹਵਾਲੇ ਕਰ ਦਿੱਤਾ ਹੈ।

ਇਸ ਸਬੰਧੀ ਐਸ ਪੀ (ਆਈ) ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਸ਼ਨੀਵਾਰ ਦੀ ਦੁਪਹਿਰੇ ਮੋਗੇ ਦੇ ਸਰਕਾਰੀ ਹਸਪਤਾਲ ਦੇ ਜੱਚਾ ਬੱਚਾ ਵਾਰਡ ਵਿੱਚੋਂ ਕਰਮਜੀਤ ਸਿੰਘ ਪਿੰਡ ਰੌਂਤਾ ਦੀ ਪਤਨੀ ਸਿਮਰਨ ਕੌਰ ਹਸਪਤਾਲ ਵਿੱਚ ਆਪਣਾ ਆਪਰੇਸ਼ਨ ਕਰਾਉਣ ਲਈ ਆਈ ਸੀ ਤੇ ਇਸ ਦੌਰਾਨ ਉਸ ਦੇ ਦੋ ਛੋਟੇ ਬੱਚੇ ਉਸ ਨਾਲ ਸਨ। ਇਸ ਦੌਰਾਨ ਦੋਸ਼ੀ ਵਿਸ਼ਾਲ ਕੁਮਾਰ ਵਾਸੀ ਮੋਗਾ ਕਿਸੇ ਦਾ ਬੱਚੇ ਚੁੱਕਣ ਲਈ ਸਰਕਾਰੀ ਹਸਪਤਾਲ ਦੇ ਜੱਚਾ ਬੱਚਾ ਵਾਰਡ ਵਿੱਚ ਘੁੰਮਣ ਲੱਗਾ ਤੇ ਉਸ ਨੇ ਬੱਚੇ ਅਭਿਜੋਤ ਦੇ ਪਿਤਾ ਕਰਮਜੀਤ ਸਿੰਘ ਨਾਲ ਦੋਸਤੀ ਪਾ ਲਈ ਅਤੇ ਉਸ ਨੂੰ ਭਰੋਸੇ ਵਿੱਚ ਲੈ ਕੇ ਉਸ ਦੇ ਬੱਚੇ ਨੂੰ ਖਿਡਾਉਣ ਲੱਗ ਪਿਆ, ਇਸ ਦੌਰਾਨ ਉਹ ਬੱਚੇ ਨੂੰ ਚੋਰੀ ਕਰ ਕੇ ਲੈ ਗਿਆ। ਰੁਪਿੰਦਰ ਕੌਰ ਭੱਟੀ ਨੇ ਕਿਹਾ ਕਿ ਪੁਲਸ ਨੇ ਛੇ ਟੀਮਾਂ ਨੂੰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਭੇਜਿਆ ਤੇ ਸ਼ਹਿਰ ਦੇ ਚੱਪੇ-ਚੱਪੇ ਉੱਤੇ ਲੱਗੇ ਸੀ ਸੀ ਟੀ ਵੀ ਕੈਮਰੇ ਫੋਲਣੇ ਸ਼ੁਰੂ ਕੀਤੇ ਤਾਂ ਬੱਚੇ ਨੂੰ ਚੋਰੀ ਕਰ ਕੇ ਲੈ ਜਾਂਦੇ ਵਿਅਕਤੀ ਦੀ ਫੁਟੇਜ ਪੁਲਸ ਨੂੰ ਮਿਲ ਗਈ ਤੇ ਪੁਲਸ ਹੌਲੀ-ਹੌਲੀ ਦੋਸ਼ੀ ਦੇ ਟਿਕਾਣੇ ਉੱਤੇ ਪੁੱਜ ਗਈ, ਪਰ ਉਹ ਘਰ ਨਹੀਂ ਮਿ-ਲਿਆ। ਪੁਲਸ ਨੂੰ ਸੂਚਨਾ ਮਿਲੀ ਕਿ ਦੋਸ਼ੀ ਨੇ ਬੱਚੇ ਨੂੰ ਚੋਰੀ ਕਰ ਕੇ ਜੈਤੋ ਦੇ ਪਿੰਡ ਦਬੜੀਖਾਨੇ ਦੇ ਜਵੰਦਾ ਸਿੰਘ ਨੂੰ ਇੱਕ ਲੱਖ ਰੁਪਏ ਦਾ ਵੇ-ਚਿਆ ਹੈ। ਪੁਲਸ ਵੱਲੋਂ ਬੀਤੀ ਰਾਤ ਜਵੰਦਾ ਸਿੰਘ ਨੂੰ ਉਸ ਦੇ ਟਿਕਾਣੇ ਤੋਂ ਕਾਬੂ ਕਰ ਕੇ ਉਸ ਕੋਲੋਂ ਬੱਚਾ ਬਰਾਮਦ ਕਰ ਲਿਆ ਹੈ।

# ਸ਼ਰਾਬ ਵੇਚਣ ਤੋਂ ਰੋਕਣ 'ਤੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰਿਆ

ਜਗਰਾਓਂ, 6 ਦਸੰਬਰ (ਪੋਸਟ ਬਿਊਰੋ)- ਸ਼ਰਾਬ ਵੇਚਣ ਤੋਂ ਰੋਕਣ ਉੱਤੇ ਨੌਜਵਾਨ ਨੂੰ ਕੁੱਟ-ਕੁੱਟ ਮਾਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਮੁਹੱਲਾ ਗਾਂਧੀਨਗਰ ਦੀ ਹੈ।

ਪੁਲਸ ਨੇ ਮ੍ਰਿਤਕ ਦੇ ਭਰਾ ਮੇਸ਼ੀ ਦੇ ਬਿਆਨਾਂ ਉੱਤੇ ਥਾਣਾ ਸਿਟੀ ਵਿੱਚ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ, ਜਦ ਕਿ ਸਾਰੇ ਦੋਸ਼ੀ ਫਰਾਰ ਹਨ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੇਸ਼ੀ ਨੇ ਦੱਸਿਆ ਕਿ ਉਸ ਦੇ ਭਰਾ ਸ਼ੌਕੀ ਨੇ ਮੁਹੱਲੇ ਵਿੱਚ ਸ਼ਰਾਬ ਤਸਕਰਾਂ ਨੂੰ ਸ਼ਰਾਬ ਵੇਚਣ ਤੋਂ ਰੋਕਿਆ ਸੀ, ਜਿਸ ਦੇ ਬਾਅਦ ਟੀਨੂ, ਨਿੰਮੋ, ਸੰਜੇ, ਹੰਸਾ ਤੇ ਮੂਸਲੇ ਨੇ ਸ਼ੌਕੀ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ। ਉਨ੍ਹਾਂ ਨੇ ਸ਼ੌਕੀ ਨੂੰ ਪਹਿਲਾਂ ਸਿਵਲ ਹਸਪਤਾਲ ਜਗਰਾਓਂ ਭਰਤੀ ਕਰਵਾਇਆ ਜਿੱਥੋਂ ਉਸ ਨੂੰ ਗੰਭੀਰ ਹਾਲਤ ਵਿੱਚ ਫਰੀਦਕੋਟ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ।ਐਸ ਐਚ ਓ ਮੁਤਾ-ਬਕ ਮ੍ਰਿਤਕ ਸ਼ੌਕੀ ਨੂੰ ਫਰੀਦਕੋਟ ਤੋਂ ਛੁੱਟੀ ਦੇ ਦਿੱਤੀ ਗਈ, ਪ੍ਰੰਤੂ ਸ਼ਨੀਵਾਰ ਦੇਰ ਸ਼ਾਮ ਉਸ ਦੀ ਹਾਲਤ ਫਿਰ ਖਰਾਬ ਹੋ ਗਈ ਜਿਸ ਪਿੱਛੋਂ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਜਗਰਾਓਂ ਲਿਜਾਂਦੇ ਸਮੇਂ ਰਸਤੇ ਵਿੱਚ ਉਸ ਨੇ ਦਮ ਤੋੜ ਦਿੱਤਾ।

# ਸਹਾਇਕ ਟਰਾਂਸਪੋਰਟ ਅਫ਼ਸਰ ਸਾਥੀ ਕਲਰਕ ਸਣੇ ਰਿਸ਼ਵਤ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਫ਼ਰੀਦਕੋਟ, 6 ਦਸੰਬਰ (ਪੋਸਟ ਬਿਊਰੋ)- ਵਿਜੀਲੈਂਸ ਵਿਭਾਗ ਫ਼ਰੀਦਕੋਟ ਨੇ ਟਰਾਂਸਪੋਰਟ ਵਿਭਾਗ ਦਾ ਇੱਕ ਸਹਾਇਕ ਟਰਾਂਸਪੋਰਟ ਅਫ਼ਸਰ ਅਤੇ ਇੱਕ ਕਲਰਕ ਗ੍ਰਿਫ਼ਤਾਰ ਕਰਕੇ ਟਰਾਂਸਪੋਰਟ ਵਿਭਾਗ ਨੂੰ ਕਰੀਬ 17 ਲੱਖ ਰੁਪਏ ਦੀ ਟੈਕਸ ਚੋਰੀ ਦਾ ਪਰਦਾਫਾਸ਼ ਕੀਤਾ ਹੈ, ਜਿਸ ਬਾਰੇ ਅੱਗੇ ਜਾਂਚ ਚੱਲ ਰਹੀ ਹੈ। ਡੀ ਐਸ ਪੀ ਵਿਜੀਲੈਂਸ ਫ਼ਰੀਦਕੋਟ ਰਾਜ ਕੁਮਾਰ ਸ਼ਰਮਾਂ ਨੇ ਦੱਸਿਆ ਕਿ ਵਿਭਾਗ 2019 ਤੋਂ ਤਿੰਨ ਵੱਖ-ਵੱਖ ਸ਼ਿਕਾਇਤਾਂ ਉੱਤੇ ਜਾਂਚ ਕਰ ਰਿਹਾ ਸੀ, ਜਿਸ ਹੇਠ ਕੱਲ੍ਹ ਉਨ੍ਹਾਂ ਨੇ ਫ਼ਰੀਦਕੋਟ ਵਿਖੇ ਸਹਾਇਕ ਟਰਾਂਸਪੋਰਟ ਅਫ਼ਸਰ ਵਜੋਂ ਤੈਨਾਤ ਰਹੇ ਗੁਰਨਾਮ ਸਿੰਘ ਅਤੇ ਕਲਰਕ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਂਚ ਕਰਨ ਉੱਤੇ ਪਤਾ ਲੱਗਾ ਕਿ ਜਦੋਂ ਗੁਰਨਾਮ ਸਿੰਘ ਫ਼ਰੀਦਕੋਟ ਵਿਖੇ ਸਹਾਇਕ ਟਰਾਂਸਪੋਰਟ ਅਫ਼ਸਰ ਸੀ ਤਾਂ ਉਸ ਨੇ ਕਲਰਕ ਅੰਮ੍ਰਿਤਪਾਲ ਨਾਲ ਮਿਲ ਕੇ ਸਰਕਾਰੀ ਰਿਕਾਰਡ ਵਿੱਚ ਜਾਅਲੀ ਇੰਦਰਾਜ ਕੀਤੇ ਅਤੇ ਵਹੀਕਲਾਂ ਦੀ ਰਜਿਸ਼ਟ੍ਰੇਸ਼ਨ ਅਤੇ ਹੈਵੀ ਵਹੀਕਲ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਬਦਲੇ ਲੱਖਾਂ ਰੁਪਏ ਰਿਸ਼ਵਤ ਲਈ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੇ 183 ਹੈਵੀ ਵਹੀਕਲ ਡਰਾਈਵਿੰਗ ਲਾਇਸੈਂਸ ਅਤੇ 57 ਵਹੀਕਲ ਜੋ ਪਹਿਲਾਂ ਤੋਂ ਦੂਜੀਆਂ ਸਟੇਟਾਂ ਵਿੱਚ ਰਜਿਸਟਰਡ ਸਨ, ਨੂੰ ਬਿਨਾਂ ਐਨ ਓ ਸੀ ਦੇ ਫ਼ਰੀਦਕੋਟ ਵਿਖੇ ਰਜਿਸਟਰਡ ਕੀਤਾ ਹੈ। ਇਸਦੌਰਾਨ ਇਨ੍ਹਾਂ ਫੜੇ ਗਏ ਦੋਸ਼ੀਆਂ ਨੇ ਸਰਕਾਰ ਨੂੰ ਕਰੀਬ 17 ਲੱਖ ਰੁਪਏ ਦੇ ਟੈਕਸ ਦਾ ਚੂਨਾ ਲਗਾਇਆ ਹੈ। ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅੱਗੇ ਦੀ ਕਾਰਵਾਈ ਜਾਰੀ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਭਾਰਤ-ਪਾਕਿ 1971 ਜੰਗ ਦੀ ਦਾਸਤਾਨ: ਭਾਰਤੀ ਸੈਨਿਕਾਂ ਨੇ ਪਾਕਿ-ਸਤਾਨ ਉੱਤੇ ਲੜਾਕੂ ਜਹਾਜ਼ਾਂ ਨਾਲ ਕੀਤਾ ਸੀ ਜ਼ਬਰਦਸਤ ਹਮਲਾ

ਫ਼ਾਜ਼ਿਲਕਾ, 6 ਦਸੰਬਰ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ 1971 ਦੀ ਜੰਗ ਫ਼ਾਜ਼ਿਲਕਾ ਸੈਕਟਰ ਵਿੱਚ ਲੜੀ ਗਈ। ਇਸ ਦੌਰਾਨ ਪਾਕਿਸਤਾਨੀ ਰੇਂਜਰਾਂ ਤੋਂ ਕਰੀਬ ਇੱਕ ਦਰਜਨ ਪਿੰਡ ਤੇ ਬੇਰੀ ਵਾਲਾ ਪੁਲ ਛੁਡਾਉਣ ਲਈ ਭਾਰਤ ਦੇ ਕਈ ਜਵਾਨਾਂ ਨੇ ਸ਼ਹੀਦੀ ਪਾਈ ਸੀ। 3 ਦਸੰਬਰ ਤੋਂ 17 ਦਸੰਬਰ ਤਕ ਚੱਲੀ ਇਸ ਜੰਗ ਦੌਰਾਨ ਸ਼ਹੀਦ ਹੋਏ ਜਵਾਨਾਂ ਦੀ 90 ਫੁੱਟ ਲੰਬੀ ਤੇ 18 ਫੁੱਟ ਚੌੜੀ ਚਿਤਾ ਬਣਾ ਕੇ ਸਸਕਾਰ ਕੀਤਾ ਗਿਆ। ਜਿੱਥੇ ਜੰਗ ਦੀ ਮਹਾ ਗਾਥਾ ਲਿਖੀ ਗਈ ਤੇ ਸ਼ਹੀਦ ਜਵਾਨਾਂ ਤੋਂ ਇਲਾਵਾ ਦੁਸ਼ਮਣ ਤੋਂ ਖੋਹੇ ਹਥਿਆਰਾਂ ਦੀਆਂ ਤਸਵੀਰਾਂ ਦਾ ਅਜਾਇਬ ਘਰ ਬਣਾਇਆ ਗਿਆ ਹੈ, ਇਸ ਜਗ੍ਹਾ ਉੱਤੇ 1991 ਵਿੱਚ 67 ਇਨਫੈਂਟਰੀ ਦੇ ਬਾਕੀ ਅੱਠ ਯੂਨਿਟਾਂ ਦੇ ਸਮਾਰਕ ਬਣਾਏ ਗਏ ਹਨ।

ਸਾਲ 1971 ਦੀ ਉਸ ਜੰਗ ਵਿੱਚ 15 ਰਾਜਪੂਤ ਦੇ 6 ਅਫ਼ਸਰ, 2 ਸੂਬੇਦਾਰ ਤੇ 62 ਜਵਾਨ, 4 ਜਾਟ ਬਟਾਲੀਅਨ ਦਾ ਇੱਕ ਅਫ਼ਸਰ, 4 ਸੂਬੇਦਾਰ ਅਤੇ 64 ਜਵਾਨ, 3 ਆਸਾਮ ਦੇ 4 ਅਫ਼ਸਰ, 3 ਸੂਬੇਦਾਰਅਤੇ 32 ਜਵਾਨਾਂ ਤੋਂ ਇਲਾਵਾ ਹੋਰ ਬਟਾਲੀਅਨਾਂ ਦੇ 2 ਸੂਬੇਦਾਰ ਅਤੇ 27 ਜਵਾਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਜਦੋਂ ਕਿ 364 ਜਵਾਨ ਜ਼ਖ਼ਮੀ ਹੋਏ ਸਨ। ਇਸ ਜੰਗ ਵਿੱਚ ਸ਼ਹੀਦ ਜਵਾਨਾਂ ਵਿੱਚੋਂ ਇੱਕ ਨੂੰ ਮਹਾਵੀਰ ਚੱਕਰ, 6 ਜਣਿਆਂ ਨੂੰ ਵੀਰ ਚੱਕਰ, 2 ਨੂੰ ਸੈਨਾ ਮੈਡਲ ਅਤੇ 4 ਨੂੰ ਮੈਨਸ਼ਨ ਇਨ ਡਿਸਪੈਚ ਦੇ ਸਨਮਾਨ ਨਾਲ ਨਿਵਾਜਿਆ ਗਿਆ। ਜੰਗ ਵਿੱਚ 6 ਦਸੰਬਰ ਦੀ ਰਾਤ ਦੋਵਾਂ ਪਾਸਿਆਂ ਤੋਂ ਲੜਾਕੂ ਜਹਾਜ਼ਾਂ ਦੀ ਜ਼ਿਆਦਾ ਵਰਤੋਂ ਹੋਈ ਸੀ। ਪਾਕਿਸਤਾਨੀ ਰੇਂਜਰ ਬੇਰੀ ਵਾਲਾ ਪੁਲ ਤੋਂ ਫ਼ਾਜ਼ਿਲਕਾ ਵੱਲ ਤੇਜ਼ੀ ਨਾਲ ਵਧਣਾ ਚਾਹੁੰਦੇ ਸੀ, ਪਰ ਭਾਰਤੀ ਸੈਨਿਕਾਂ ਨੇ ਉਨ੍ਹਾਂ ਨੂੰ ਬੇਰੀ ਵਾਲਾ ਪੁਲ ਉੱਤੇ ਰੋਕ ਲਿਆ। ਭਾਰਤੀ ਸੈਨਾ ਨੇ ਆਪਣੀ ਜੰਗ ਨੀਤੀ ਵਿੱਚ ਬਦਲਾਅ ਕੀਤਾ ਤੇ ਦੂਸਰੇ ਪਾਸੇ ਤੋਂ ਹਮਲਾ ਕਰ ਦਿੱਤਾ। ਭਾਵੇਂ ਬੰਦੀ ਬਣੇ ਪਿੰਡਾਂ ਦੇ ਲੋਕਾਂ ਨੂੰ ਤਾਂ ਪਾਕਿਸਤਾਨੀ ਰੇਂਜਰਾਂ ਨੇ ਨਹੀਂ ਛੱਡਿਆ, ਪਰ ਅੱਗੇ ਨਹੀਂ ਆਏ। ਇਸ ਦੌਰਾਨ ਭਾਰਤੀ ਸੈਨਿਕ ਪਾਕਿਸਤਾਨੀ ਧਰਤੀ ਦੀ ਉਸ ਥਾਂ ਪੁੱਜ ਗਏ, ਜਿੱਥੋਂ ਪਾਕਿਸਤਾਨੀ ਰੇਂਜਰ ਭਾਰਤੀ ਸੈਨਿਕਾਂ ਉੱਤੇ ਸ਼ੇਰਮਨ ਟੈਂਕ ਨਾਲ ਗੋਲੇ ਸੁੱਟ ਰਹੇ ਸਨ। ਉਨ੍ਹਾਂ ਰੇਂਜਰਾਂ ਨੂੰ ਧਰਤੀ ਉੱਤੇ ਵਿਛਾ ਕੇ ਸ਼ੇਰਮਨ ਟੈਂਕ ਖੋਹ ਲਿਆ। ਭਾਰਤੀ ਸੈਨਿਕਾਂ ਨੇ ਇਸ ਜੰਗ ਵਿੱਚ ਪਾਕਿਸਤਾਨੀ ਸੈਨਾ ਤੋਂ ਗਿਲਗਿਟ ਜੀਪ ਤੋਂ ਇਲਾਵਾ ਭਾਰੀ ਮਾਤਰਾ ਵਿੱਚ ਅਸਲਾ ਬਰੂਦ ਵੀ ਖੋਹ ਲਿਆ ਤੇ ਭਾਰਤੀ ਸੀਮਾ ਵਿੱਚ ਲੈ ਆਏ, ਜਿਨ੍ਹਾਂ ਦੀਆਂ ਤਸਵੀਰਾਂ ਆਸਫਵਾਲਾ ਦੇ ਅਜਾਇਬ ਘਰ ਵਿੱਚ ਸਜਾਈਆਂ ਗਈਆਂ ਹਨ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributor<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪਲਾਸਟਿਕ ਪ੍ਰਦੂਸ਼ਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਲੋੜ

-ਵਿਜੈ ਗਰਗ-

ਪੋਲੀਥੀਨ ਦੀ ਵਰਤੋਂ ਨੂੰ ਠੱਲ ਪਾਉਣਾ ਇੱਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ,ਜਿਆਦਾਤਰ ਲੋਕਾਂ ਦੀ ਤਾਂ ਸਵੇਰ ਦੀ ਸ਼ੁਰੂਆਤ ਹੀ ਪਲਾਸਟਿਕ ਦੀ ਦੁੱਧ ਦੀ ਥੈਲੀ ਜਾਂ ਸਬਜ਼ੀ ਦੇ ਭਰੇ ਪੋਲੀਥੀਨ ਲਿਫਾਫੇ ਨਾਲ ਹੁੰਦੀ ਹੈ।ਪੋਲੀਥੀਨ-ਸਿੰਗਲ ਯੂਜ਼ ਪਲਾਸਟਿਕ ਲਿਫਾਫਾ ਸਭ ਤੋਂ ਖਤਰਨਾਕ ਚੀਜ਼ਾਂ ਵਿੱਚੋਂ ਇੱਕ ਹੈ,ਪਰ ਅਜੇ ਵੀ ਲੋਕ ਅਣਜਾਣ ਹਨ।ਇਹ ਸਾਡੀ ਸਿਹਤ ਤੇ ਵਾਤਾਵਰਣ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਪਹੁੰਚਾਉਂਦਾ ਹੈ,ਪਲਾਸਟਿਕ ਦੇ ਥੈਲਿਆਂ ਦੀ ਵਰਤੋਂ ਦੇ ਨਾਲ ਆਲੇ-ਦੁਆਲੇ ਕੂੜਾ-ਕਰਕਟ ਦੇ ਢੇਰ ਲੱਗ ਜਾਂਦੇ ਹਨ।

ਜੰਗਲ,ਨਦੀਆਂ,ਝੀਲਾਂ,ਸਮੁੰਦਰ ਅਤੇ ਸਾਗਰ ਪ੍ਰਦੂਸ਼ਿਤ ਹੁੰਦੇ ਜਾ ਰਹੇ ਹਨ ਹਵਾ ਇਨ੍ਹਾਂ ਲਿਫਾਫਿਆਂ ਨੂੰ ਆਪਣੇ ਨਾਲ ਹਰ ਪਾਸੇ ਲੈ ਜਾਂਦੀ ਹੈ।ਇਹ ਪੋਲੀਥੀਨ ਪੇੜ-ਪੌਦਿਆਂ ਦੇ ਵਾਧੇ 'ਚ ਵੀ ਰੁਕਾਵਟ ਬਣਦਾ ਹੈ।ਇਸਦੀ ਅੰਨੇਵਾਹ ਵਰਤੋਂ ਨਾਲ ਅਸੀਂ ਆਪਣੀ ਧਰਤੀ ਮਾਂ ਨੂੰ ਤਬਾਹ ਕਰਦੇ ਜਾ ਰਹੇ ਹਾਂ,ਦੁੱਖ ਤੇ ਚਿੰਤਾਂ ਦੀ ਗੱਲ ਤਾਂ ਇਹ ਹੈ ਕਿ ਜਿਆਦਾਤਰ ਲੋਕਾਂ ਨੂੰ ਪਲਾਸਟਿਕ



ਬੈਗ ਦੀ ਵਰਤੋਂ ਦੇ ਦੁਸ਼ਪ੍ਰਭਾਵਾਂ ਦਾ ਅਹਿਸਾਸ ਤੱਕ ਵੀ ਨਹੀਂ ਹੈ,ਜਦ ਕਿ ਇਹ ਪਲਾਸਟਿਕ ਦੀ ਵੱਧ ਰਹੀ ਵਰਤੋਂ ਮਨੁੱਖਾਂ 'ਚ ਕੈਂਸਰ,ਚਮੜੀ ਦੇ ਰੋਗ ਅਤੇ ਦਮੇ ਵਰਗੀਆਂ ਹੋਰ ਕਈ ਭਿਆਨਕ ਬਿਮਾਰੀਆਂ ਨੂੰ ਸੱਦਾ ਹੈ।ਹਰ ਸਾਲ ਲੱਖਾਂ ਥਣਧਾਰੀ ਜੀਵ,ਸਮੁੰਦਰੀ ਜੀਵ ਅਤੇ ਪੰਛੀ ਪਲਾਸਟਿਕ ਦੀਆਂ ਥੈਲੀਆਂ ਨੂੰ ਜੈਲੀ-ਭੋਜਣ ਸਮਝ ਕੇ ਨਿਗਲਣ ਨਾਲ ਮਰ ਜਾਂਦੇ ਹਨ।ਪਲਾਸਟਿਕ ਦੇ ਥੈਲੇ ਪੋਲੀਥਾਈਲੀਨ ਅਤੇ ਥਰਮੋਕੋਲ ਦੇ ਭਾਂਡੇ ਪੋਲੀਸਟਰਈਲੀਨ ਨਾਮਕ ਪਦਾਰਥ ਤੋਂ ਤਿਆਰ ਕੀਤੇ ਜਾਂਦੇ ਹਨ ਜਿੰਨਾਂ ਦੀ ਵਰਤੋਂ ਕਰਨ ਤੇ ਰਿਸਦੀ ਸਿਟਰੀਨ ਗੈਸ ਮਨੁੱਖੀ ਸਿਹਤ ਲਈ ਵਧੇਰੇ ਘਾਤਕ ਹੁੰਦੀ ਹੈ,ਆਮ ਵਰਤੋਂ ਵਿੱਚ ਵਰਤੇ ਜਾਣ ਵਾਲੇ ਪਲਾਸਟਿਕ ਦੇ ਸੂਰਜ ਦੀਆਂ ਕਿਰਨਾਂ ਦੇ ਜਿਆਦਾ ਸਮੇਂ ਲਈ ਸੰਪਰਕ 'ਚ ਆਉਣ ਤੇ ਮੇਥੀਨ ਅਤੇ ਏਥੀਲੀਨ ਗੈਸਾਂ ਨਿੱਕਲ ਕੇ ਹਵਾ ਵਿੱਚੋਂ ਆਕਸੀਜਨ ਦੀ ਮਾਤਰਾ ਨੂੰ ਘੱਟ ਕਰ ਦਿੰਦੀਆਂ ਹਨ,ਇਸੇ ਲਈ ਹੀ ਤਾਂ ਸਿੰਗਲ ਯੂਜ਼ ਪਲਾਸਟਿਕ ਨੂੰ ਮਿੱਠਾ ਜ਼ਹਿਰ ਕਿਹਾ ਜਾਂਦਾ ਹੈ।ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਪਲਾਸਟਿਕ ਬੈਗ ਨੂੰ ਗਲਣ ਜਾਂ ਖਤਮ ਹੋਣ ਵਿੱਚ 1,000 ਸਾਲ ਲੱਗ ਜਾਂਦੇ ਹਨ ਹਾਲਾਂਕਿ ਅਸੀਂ ਕਦੇ ਵੀ ਇਸਦੇ ਅਸਲ ਡੀਗਰੇਡੇਸ਼ਨ ਸਮੇਂ ਨੂੰ ਨਹੀਂ ਜਾਣ ਸਕੇ,ਕਿਉਂਕਿ ਇਹ ਸਮੱਗਰੀ ਪਿਛਲੀ ਸਦੀ ਤੋਂ ਹੀ ਲੰਬੇ ਸਮੇਂ ਦੀ ਵਰਤੋਂ ਵਿੱਚ ਹੈ।

ਇਸ ਤਰ੍ਹਾਂ ਇਹ ਗੈਰ-ਬਾਇਓਡੀਗ੍ਰੇਡੇਬਲ ਹਨ।ਇਨ੍ਹਾਂ ਪੋਲੀਥੀਨ ਬੈਗਾਂ ਨੂੰ ਅੱਗ ਲਗਾਉਣ ਨਾਲ ਵੀ ਕੋਈ ਫਾਇਦਾ ਨਹੀਂ ਹੁੰਦਾ,ਸਗੋਂ ਇਹ ਜ਼ਹਿਰੀਲੇ ਧੂੰਏ ਨਾਲ ਹਵਾ ਪ੍ਰਦਸ਼ੂਣ ਦਾ ਕਾਰਨ ਬਣਦਾ ਹੈ ਜੋ ਖਾਸ ਕਰ ਬੱਚਿਆਂ ਤੇ ਬਜ਼ੁਰਗਾਂ 'ਚ ਜ਼ੁਕਾਮ,ਖਾਂਸੀ,ਸਾਹ ਦੀਆਂ ਬਿਮਾਰੀਆਂ,ਚਮੜੀ ਦੇ ਰੋਗ,ਸਿਰ ਦਰਦ ਅਤੇ ਅੱਖਾਂ ਦੀ ਐਲਰਜੀ ਵਰਗੇ ਹੋਰ ਕਈ ਗੰਭੀਰ ਅਸਰ ਪਾਉਂਦਾ ਹੈ,ਪੋਲੀਥੀਨ ਬੈਗ ਸ਼ਹਿਰਾਂ ਅਤੇ ਕਸਬਿਆਂ ਵਿੱਚ ਨਾਲੀਆਂ,ਸੀਵਰੇਜ਼-ਡਰੇਨਜ਼ ਪ੍ਰਣਾਲੀਆਂ ਵਿੱਚ ਰੁਕਾਵਟ ਲਈ ਵੀ ਜ਼ਿੰਮੇਵਾਰ ਹਨ ਮੀਂਹ ਦੇ ਮੌਸਮ 'ਚ ਤਾਂ ਇਹ ਪੋਲੀਥਿਨ ਲਿਫਾਫੇ ਪਾਣੀ ਖੜ੍ਹਾ ਹੋਣ ਦਾ ਕਾਰਨ ਬਣਦੇ ਹਨ ਤੇ ਫਿਰ ਉਸੇ ਪਾਣੀ 'ਚ ਮੱਛਰ ਪੈਦਾ ਹੁੰਦਾ ਹੈ ਤੇ ਫਿਰ ਡੇਂਗੂ-ਮਲੇਰੀਆਂ ਆਪਣਾ ਰੰਗ ਵਿਖਾਉਂਦਾ ਹੈ ਤੇ ਕਈਆਂ ਨੂੰ ਆਪਣੀ ਲਪੇਟ 'ਚ ਲੈ ਲੈਂਦਾ ਹੈ।ਪਲਾਸਟਿਕ ਦੇ ਥੈਲਿਆਂ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਕਾਗਜ,ਕੱਪੜੇ ਜਾਂ ਜੂਟ ਤੋਂ ਬਣੇ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।ਅਜਿਹੇ ਥੈਲੇ ਵਾਤਾਵਰਨ ਦੇ ਅਨੁਕੂਲ ਹੁੰਦੇ ਹਨ।ਉਹਨਾਂ ਨੂੰ ਹੋਰ ਆਸਾਨੀ ਨਾਲ ਰੀਸਾਈਕਲ ਕੀਤਾ ਜਾ ਸਕਦਾ ਹੈ,ਕਪੜੇ ਦੇ ਥੈਲੇ ਤਾਂ ਹੰਢਣਸਾਰ ਹੁੰਦੇ ਹਨ,ਸਮੇਂ-ਸਮੇਂ ਧੋਅ ਕੇ ਵੀ ਵਰਤੋਂ 'ਚ ਲਿਆਂਦੇ ਜਾ ਸਕਦੇ ਹਨ।ਪਿਛਲੇ ਕੁਝ ਸਾਲਾਂ ਵਿੱਚ ਪੋਲੀਥੀਨ ਦੀ ਪੈਕਿੰਗ ਵਿੱਚ ਵਰਤੋਂ ਦਾ ਭਾਰੀ ਵਾਧਾ ਹੋਇਆ ਹੈ,ਹਰ ਬਜ਼ਾਰੀ ਚੀਜ਼ ਅਤੇ ਖਾਣ-ਪਾਣ ਦਾ ਸਮਾਨ ਪੋਲੀਥੀਨ ਨਾਲ ਰੈਪ ਕਰਕੇ ਹੀ ਖੱਪਤਕਾਰ ਨੂੰ ਵੇਚਿਆ ਜਾਂਦਾ ਹੈ।ਹਾਲਾਂਕਿ,ਪੋਲੀਥਿਨ 'ਚੋਂ ਨਿਕਲਦਾ ਟੋਕਸਿਕ-ਕੈਮੀਕਲ ਦਾ ਮਨੁੱਖਤਾ,ਜਾਨਵਰਾਂ ਅਤੇ ਸਾਡੇ ਵਾਤਾਵਰਣ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ।ਸਾਡੇ ਕੋਲ ਰਹਿਣ ਲਈ ਸਿਰਫ਼ ਇੱਕ ਇਹ ਧਰਤੀ ਹੀ ਤਾਂ ਹੈ,ਇਸ ਲਈ ਇਸਦੀ ਦੇਖਭਾਲ ਕਰਨ ਵਿੱਚ ਵਧੇਰੇ ਸੁਰੱਖਿਆ ਤੇ ਸਿਆਣਪ ਦੀ ਲੋੜ ਹੈ।ਵਿਆਹ-ਸ਼ਾਦੀਆਂ ਜਾਂ ਪਾਰਟੀਆਂ ਮੌਕੇ ਪੱਤਲ,ਪੇਪਰ ਜਾਂ ਸਟੀਲ ਦੇ ਭਾਂਡੇ ਹੀ ਵਰਤਣੇ ਚਾਹੀਦੇ ਹਨ।ਸਰਕਾਰ ਨੂੰ ਪਲਾਸਟਿਕ ਪ੍ਰਦੂਸ਼ਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਪ੍ਰਭਾਵਸ਼ਾਲੀ ਉਪਾਅ ਕਰਨੇ ਚਾਹੀਦੇ ਹਨ ਅਤੇ ਪੋਲੀਥੀਨ ਦੀ ਵਰਤੋਂ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣੀ ਚਾਹੀਦੀ ਹੈ,ਸਮਾਜਸੇਵੀ ਸੰਸਥਾਵਾਂ ਨੂੰ ਸਰਕਾਰੀ ਵਿਭਾਗਾਂ ਦੀਆਂ ਟੀਮਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ,ਜਲੰਧਰ ਨਗਰ ਨਿਗਮ ਵੱਲੋਂ ਪਲਾਸਟਿਕ ਲਿਫਾਫੇ ਨਾ ਵਰਤੋਂ ਕਰਨ ਹਿਤ ਪ੍ਰੇਰਿਤ ਕਰਨ ਲਈ ਦਿੱਤਾ ਨਾਹਰਾ "ਮੇਰਾ ਥੈਲਾ ਮੇਰੀ ਸ਼ਾਨ" ਨੂੰ ਮੰਨਦੇ ਹੋਏ ਅੱਜ ਤੋਂ ਹੀ ਆਪਣੇ ਘਰ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਬਜ਼ਾਰ ਸਬਜ਼ੀ-ਫਰੂਟ ਆਦਿ ਖ੍ਰੀਦਣ ਜਾਣ ਸਮੇਂ ਘਰੋਂ ਹੀ ਆਪਣਾ ਕਪੜੇ ਦਾ ਥੈਲਾ ਲੈ ਕੇ ਜਾਣਾ ਚਾਹੀਦਾ ਹੈ।ਸਕੂਲੀ ਪੱਧਰ ਤੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਪੋਲੀਥਿਨ ਦੇ ਨੁਕਸਾਨਾਂ ਪ੍ਰਤੀ ਸੁਚੇਤ ਕਰਨ ਨਾਲ ਚੰਗੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

ਵਿਜੈ ਗਰਗ ਸਾਬਕਾ ਪੀਈਐਸ-1
ਰਿਟਾਇਰਡ ਪ੍ਰਿੰਸੀਪਲ
ਮਲੋਟ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

## ਰਿਸ਼ਤਾ

-ਗੁਰਦਿਆਲ ਦਲਾਲ

ਡੇਅਰੀ ਤੋਂ ਦੁੱਧ ਲਿਆਉਣ ਲਈ ਪਹਿਲਾਂ ਵਾਂਗ ਪੈਦਲ ਜਾਣ ਲੱਗਿਆਂ ਪਤਨੀ ਨੂੰ ਕਿਹਾ, "ਜੇ ਟਾਈਮ ਏ ਤੇਰੇ ਕੋਲ, ਸਕੂਟਰੀ ਉਤੇ ਨਾਲ ਚੱਲ, ਮੰਡੀ ਤੋਂ ਸਾਗ ਹੀ ਲੈ ਆਈਏ।"
"ਨਹੀਂ, ਰਹਿਣ ਦਿਓ ਸਾਗ ਨੂੰ। ਸਾਗ ਵਿੱਚ ਸਾਰਾ ਦਿਨ ਲੰਘ ਜਾਂਦਾ ਏ।" ਉਹ ਬੋਲੀ।
ਆਪਣੇ ਸੁਭਾਅ ਮੁਤਾਬਕ ਮੈਂ ਚੁੱਪ ਕਰ ਗਿਆ, ਪਰ ਆਪਣੇ ਆਪ ਨੂੰ ਠੀਕ ਠਹਿਰਾਉਣ ਲਈ ਉਹ ਬੋਲਦੀ ਗਈ, "ਘਟੀਆ ਸਾਗ ਆਉਂਦਾ ਏ ਮੰਡੀ ਵਿੱਚ, ਨਾਲੇ ਤੁਹਾਥੋਂ ਬਿਨਾ ਹੋਰ ਤਾਂ ਕੋਈ ਖਾਂਦਾ ਨਹੀਂ। ਬੱਚਿਆਂ ਵਾਸਤੇ ਅੱਡ ਕੁਛ ਧਰਨਾ ਪੈਂਦੈ। ਕਿਸੇ ਦਿਨ ਮੌਸਮ ਠੀਕ ਹੋਊ, ਧਰ...।"
"ਕੱਲ੍ਹ ਬਾਹਰਲਾ ਨਿੱਕ-ਸੁੱਕ ਖਾਣ ਕਰ ਕੇ ਮੈਨੂੰ ਕਬਜ਼ ਮਹਿਸੂਸ ਹੋ ਰਹੀ ਸੀ, ਤਾਂ ਕਹਿ ਬੈਠਾ। ਵਰਨਾ ਮੈਂ ਤਾਂ।"
ਉਹ ਮੈਨੂੰ ਵਿੱਚੋਂ ਟੋਕਦੀ ਬੋਲੀ, "ਮੈਂ ਵੀ ਉਹੀ ਕੁਝ ਖਾਧੈ ਜੋ ਤੁਸੀਂ। ਮੈਨੂੰ ਤਾਂ ਹੋਈ ਨਹੀਂ ਕਬਜ਼।"
ਇਸ ਗੱਲ ਦਾ ਮੇਰੇ ਕੋਲ ਜਵਾਬ ਨਹੀਂ ਸੀ। ਬੁੜ ਬੁੜ ਕਰਦਿਆਂ ਮੈਂ ਸਿਰ ਉਤੇ ਮਫਲਰ ਲਪੇਟਿਆਂ ਤੇ ਢੋਲੀ ਚੁੱਕ ਕੇ ਦੁੱਧ ਲੈਣ ਨਿਕਲ ਗਿਆ। ਮੇਰੀ ਉਮਰ 76 ਸਾਲ ਦੀ ਹੋ ਚੁੱਕੀ ਹੈ ਤੇ ਪਤਨੀ ਦੀ ਸੱਤਰ ਸਾਲ। ਉਸ ਨੂੰ ਇਹ ਵਹਿਮ ਹੈ ਕਿ ਮੈਨੂੰ ਕੁਝ ਪਤਾ ਨਹੀਂ ਲੱਗਦਾ, ਇਹ ਵੀ ਕਿ ਮੈਂ ਉਸ ਉਤੇ ਨਿਰਭਰ ਹੋ ਚੁੱਕਾ ਹਾਂ, ਭੁਲੱਕੜ ਹੋ ਗਿਆ ਹਾਂ। ਇਸ ਲਈ ਉਹ ਮੈਨੂੰ ਟੋਕਣ ਅਤੇ ਆਪਣਾ ਹੁਕਮ ਚਲਾਉਣੋਂ ਕਦੀ ਨਹੀਂ ਖੁੰਝਦੀ, "ਚਲੋ ਬਦਲੋ ਕੱਪੜੇ, ਕੱਲ੍ਹ ਨਹੀਂ, ਪਰਸੋਂ ਪਾਏ ਸੀ, ਨਹੀਂ, ਇਸ ਕਮੀਜ਼ ਨਾਲ ਇਹ ਪੈਂਟ ਨਹੀਂ ਪਾਉਣੀ, ਆਹ ਕੀ? ਬੱਤੀ ਜਗਦੀ ਹੀ ਛੱਡ ਆਏ ਬਾਥਰੂਮ ਦੀ, ਭੇਜਿਆ ਸੀ ਪਿਆਜ ਟਮਾਟਰ ਲੈਣ ਲਈ, ਚੁੱਕ ਲਿਆਏ ਆਲੂ ਮਟਰ, ਸੁਣੋ ਇਹ ਲਾਲ ਪੱਗੜੀ, ਜਲੂਸ ਕੱਢਿਆ ਏ, ਸੁਆਦ ਆ ਗਿਆ ਬੇਜ਼ਤੀ ਕਰਵਾ ਕੇ? ਉਹ ਨਹੀਂ ਬੋਲਦਾ ਤਾਂ ਨਾ ਬੋਲੇ। ਕੱਕੜੀਆਂ ਲੈਣੀਆਂ ਨੇ ਤੁਸੀਂ? ਜਦ ਕੋਈ ਵਰਤਣਾ ਹੀ ਨਹੀਂ ਚਾਹੁੰਦਾ, ਮੁੜ ਮੁੜ ਉੱਤੇ ਡਿੱਗਦੇ ਫਿਰਦੇ ਹੋ। ਫੂਕਣੇ ਨੇ ਅਜਿਹੇ ਰਿਸ਼ਤੇਦਾਰ?"
ਆਸਟਰੇਲੀਆ ਵਿੱਚ ਹੁੰਦੇ ਹਾਂ ਤਾਂ ਉਹ ਘਰ ਦੇ ਸਾਰੇ ਕੰਮ ਸਾਂਭ ਕੇ ਧੀ ਜੁਆਈ ਅਤੇ ਬੱਚਿਆਂ ਨੂੰ ਵਿਹਲੇ ਕਰ ਦਿੰਦੀ ਹੈ। ਰਸੋਈ ਸਾਂਭਦੀ ਹੈ। ਕੱਪੜੇ ਧੋਂਦੀ ਹੈ। ਵਾਈਪਰ ਮਾਰਦੀ ਹੈ। ਬੱਚਿਆਂ ਨੂੰ ਸਕੂਲ ਲਈ ਤਿਆਰ ਕਰਦੀ ਹੈ। ਇੰਡੀਆ ਵਿੱਚ ਹੁੰਦੇ ਹਾਂ ਤਾਂ ਐਥੇ ਵਾਲੇ ਘਰ ਦੇ ਵਾਸੀ ਸਭ ਕੰਮ ਛੱਡ ਕੇ ਉਸ ਦੇ ਆਸਰੇ ਸੁੱਖ ਦਾ ਸਾਹ ਲੈਣ ਲੱਗਦੇ ਹਨ। ਸਵੇਰੇ ਚਾਰ ਕੁ ਵਜੇ ਸ਼ੁਰੂ ਹੋ ਕੇ ਉਹ ਬਾਰ੍ਹਾਂ ਇੱਕ ਵਜੇ ਵਿਹਲੀ ਹੁੰਦੀ ਹੈ। ਫਿਰ ਵਾਣ ਦੀ ਘਰੋੜੀ ਮੰਜੀ ਉੱਤੇ ਬਿਨਾਂ ਸਿਰਹਾਣੇ ਤੋਂ ਟੇਢੀ ਹੋ ਕੇ ਅਖਬਾਰ ਪੜ੍ਹਦੀ, ਫੇਸਬੁਕ ਵਾਟਸਐਪ ਚਲਾਉਂਦੀ ਸੌਂ ਜਾਂਦੀ ਹੈ ਤੇ ਘੁਰਾੜੇ ਮਾਰਦੀ ਹੈ। ਉਸ ਵਕਤ ਉਹ ਮੈਨੂੰ ਬਹੁਤ ਚੰਗੀ ਅਤੇ ਪਿਆਰੀ ਲੱਗਦੀ ਹੈ। ਮੈਂ ਮਨ ਹੀ ਮਨ ਉਸ ਦਾ ਬੋਲਿਆ ਚਾਲਿਆ ਮੁਆਫ ਕਰ ਦਿੰਦਾ ਹਾਂ। ਮੈਂ ਸਵੇਰੇ ਸ਼ਾਮ ਕੁਝ ਘੰਟਿਆਂ ਲਈ ਸੈਰ ਨੂੰ ਨਿਕਲਦਾ ਹਾਂ। ਤੁਸੀਂ ਹੈਰਾਨ ਹੋਵੋਗੇ ਕਿ ਉਹ ਕਦੀ ਵੀ ਮੇਰੇ ਨਾਲ ਸੈਰ ਕਰਨ ਲਈ ਨਹੀਂ ਜਾਂਦੀ। ਜੇ ਕਦੀ ਕਹਿੰਦਾ ਹਾਂ ਤਾਂ ਬਹਾਨਾ ਮਾਰਦੀ ਹੈ ਕਿ ਉਸ ਦੇ ਗੋਡੇ ਦੁਖਦੇ ਹਨ। ਕੋਈ ਗੋਡੇ-ਗਾਡੇ ਨਹੀਂ ਦੁਖਦੇ ਉਸ ਦੇ। ਘਰ ਭੱਜੀ ਫਿਰਦੀ ਏ। ਛਾਲਾਂ ਮਾਰ ਮਾਰ ਪੌੜੀਆਂ ਚੜ੍ਹਦੀ ਏ। ਉਦੋਂ ਕਿੱਥੇ ਹੁੰਦੇ ਨੇ ਗੋਡੇ? ਵਾਲ ਰੰਗਦੀ ਹੈ। ਹਫਤੇ ਮਗਰੋਂ ਪਾਰਲਰ ਵਾਲੀ ਤੋਂ ਆਈ-ਬਰੋ, ਫੇਸ਼ੀਅਲ, ਡੈਂਟਿੰਗ-ਪੈਂਟਿੰਗ ਤੇ ਪਤਾ ਨਹੀਂ ਕੀ ਕੀ ਸੁਆਹ ਖੇਹ ਕਰਵਾਉਂਦੀ ਹੈ। ਨਿੱਤ ਤੀਜੇ ਕੁ ਪਹਿਰ ਯੋਗ ਕਰਨ ਦੇ ਬਹਾਨੇ ਵਿਹਲੀਆਂ ਤੀਵੀਆਂ ਨਾਲ ਗੱਪਾਂ ਮਾਰਨ ਨਿਕਲ ਜਾਂਦੀ ਹੈ। ਖੁਦ ਨੂੰ ਮੈਥੋਂ ਤੀਹ-ਪੈਂਤੀ ਸਾਲ ਛੋਟੀ ਸਮਝਦੀ ਹੋਊ। ਨਾਲ ਤੁਰਦੀ ਨੂੰ ਕੰਪਲੈਕਸ ਮਾਰਦਾ ਹੋਊ ਕਿ ਕੋਈ ਪੁੱਛ ਹੀ ਨਾ ਲਵੇ, ਇਹ ਬੁੱਢਾ ਕੌਣ ਏ?
ਖ਼ੈਰ! ਅੱਜ ਸੈਰ ਕਰ ਕੇ ਦੋ ਕੁ ਘੰਟੇ ਮਗਰੋਂ ਜਦੋਂ ਮੈਂ ਦੁੱਧ ਲੈ ਕੇ ਘਰ ਪਰਤਿਆ ਤਾਂ ਪਤਨੀ ਵਿਹੜੇ ਵਿੱਚ ਬੈਠੀ ਦਾਤੜੇ ਨਾਲ ਸਰ੍ਹੋਂ ਦਾ ਸਾਗ ਚੀਰ ਰਹੀ ਸੀ। ਮੇਥੇ, ਧਨੀਆ, ਬਾਥੂ, ਪਾਲਕ, ਹਰੀਆਂ ਮਿਰਚਾਂ ਆਦਿ ਸਭ ਮੇਰਾ ਮੂੰਹ ਚਿੜਾ ਰਹੇ ਸਨ। ਮੈਂ ਬਿਨਾਂ ਬੋਲੇ ਅੰਦਰ ਲੰਘ ਗਿਆ ਅਤੇ ਸੋਫੇ ਉੱਤੇ ਬੈਠ ਅਖਬਾਰ ਪੜ੍ਹਨ ਲੱਗ ਪਿਆ। ਉਸ ਦੇ ਸੁਭਾਅ ਬਾਰੇ ਮੈਨੂੰ ਪਤਾ ਸੀ ਕਿ ਜਦੋਂ ਮੈਂ ਕਦੀ ਉਸ ਨੂੰ ਕੋਈ ਕੰਮ ਕਹਿੰਦਾ ਤਾਂ ਉਹ ਪੁੱਠਾ ਜਵਾਬ ਦੇ ਦਿੰਦੀ ਤੇ ਮੈਂ ਚੁੱਪ ਕਰ ਜਾਂਦਾ, ਫਿਰ ਉਹ ਉਹੀ ਕੰਮ ਪਹਿਲ ਦੇ ਆਧਾਰ ਉੱਤੇ ਜ਼ਰੂਰ ਕਰਦੀ। ਉਹ ਮੰਡੀ ਤੋਂ ਇਹ ਸਭ ਆਪਣੇ ਫਰਜ਼ੰਦ ਨਾਲ ਮੋਟਰ ਸਾਇਕਲ ਉੱਤੇ ਜਾ ਕੇ ਲੈ ਆਈ ਹੋਵੇਗੀ। ਛੇਤੀ ਉਹ ਦੁੱਧ ਦਾ ਗਿਲਾਸ ਚੁੱਕੀ ਮੇਰੇ ਲਾਗੇ ਆ ਖੜ੍ਹੀ ਹੋਈ ਤੇ ਡ੍ਰਿਫਲੇ ਦਾ ਭਰਿਆ ਚਮਚ ਮੇਰੇ ਮੂੰਹ ਕੋਲ ਕਰਦੀ ਹੱਸਦੀ ਬੋਲੀ, "ਅੱਡੋ ਮੂੰਹ। ਦਸ ਮਿੰਟਾਂ ਵਿੱਚ ਤੁਹਾਡਾ ਪੇਟ ਨੌਂ-ਬਰ-ਨੌਂ ਹੋਜੂ।"
ਮੈਂ ਹੱਥ ਨਾਲ ਸਭ ਕੁਝ ਪਰ੍ਹੇ ਧੱਕ ਦਿੱਤਾ ਤੇ ਕਿਹਾ, "ਲੈ ਜਾ ਲੈ ਜਾ, ਤੇਰੇ ਇਹ ਨਾਟਕ ਮੈਨੂੰ ਪਸੰਦ ਨਹੀਂ। ਬਹੁਤੇ ਚਲਿੱਤਰ ਕਰਨ ਦੀ ਲੋੜ ਨਹੀਂ ਮੇਰੇ ਨਾਲ।"
ਗਲਾਸ ਅਤੇ ਚਮਚਾ ਟੇਬਲ ਉਤੇ ਧਰ ਕੇ ਉਹ ਅੰਦਰ ਗਈ ਤੇ ਆਪਣਾ ਆਈਫੋਨ ਚੁੱਕ ਲਿਆਈ। ਵਾਟਸਐਪ ਤੇ ਰਾਤ ਵਾਲੀ ਉਹ ਵੀਡੀਓ ਚਲਾ ਕੇ ਮੇਜ਼ ਉੱਤੇ ਰੱਖ ਗਈ, ਜਿਹੜੀ ਉਸ ਨੇ ਮੈਨੂੰ ਭੇਜੀ ਸੀ। ਉਸ ਵੀਡੀਓ ਵਿੱਚ ਪਤੀ-ਪਤਨੀ ਦੇ ਪ੍ਰੇਮ ਦੀਆਂ ਬਹੁਤ ਸ਼ਨਦਾਰ ਗੱਲਾਂ ਸਨ ਅਤੇ ਨਤੀਜਾ ਕੱਢਿਆ ਗਿਆ ਸੀ ਕਿ ਬੁਢਾਪੇ ਵਿੱਚ ਸਭ ਤੋਂ ਪਿਆਰਾ ਅਤੇ ਨੇੜਲਾ ਰਿਸ਼ਤਾ ਪਤੀ-ਪਤਨੀ ਦਾ ਹੀ ਹੁੰਦਾ ਹੈ, ਬਾਕੀ ਸਭ ਰਿਸ਼ਤੇ ਗਰਜ ਦੇ ਹਨ।

## ਹਲਕਾ-ਫੁਲਕਾ

ਟੀਚਰ,"ਕੱਲ੍ਹ ਹੋਮਵਰਕ ਨਹੀਂ ਕੀਤਾ ਤਾਂ ਮੁਰਗਾ ਬਣਾਵਾਂਗਾ।"
ਵਿਦਿਆਰਥੀ,"ਸਰ! ਮੁਰਗਾ ਤਾਂ ਮੈਂ ਨਹੀਂ ਖਾਂਦਾ, ਮਟਰ ਪਨੀਰ ਬਣਾ ਲੈਣਾ।"


******

ਕਲਾਸ ਵਿੱਚ, ਮਾਸਟਰ ਨੇ ਬੱਚਿਆਂ ਨੂੰ ਪੁੱਛਿਆ,"ਮੈਨੂੰ ਦੱਸੋ, ਕੰਡਿਆਂ ਨਾਲ ਭਰੇ ਰਸਤੇ ਉੱਤੇ ਤੁਹਾਡੇ ਨਾਲ ਕੌਣ ਜਾਵੇਗਾ, ਪਤੀ, ਪਤਨੀ, ਭਰਾ, ਭੈਣ, ਮਾਪੇ, ਪ੍ਰੇਮੀ, ਪ੍ਰੇਮਿਕਾ ਜਾਂ ਦੋਸਤ?"
ਪੱਪੂ ਨੇ ਖੜ੍ਹੇ ਹੋ ਕੇ ਕਿਹਾ, "ਸਰ ਚੱਪਲ।..
ਫਿਰ ਮਾਸਟਰ ਜੀ ਨੇ ਵੀ ਉਸੀ ਚੱਪਲਾਂ ਨਾਲ ਪੱਪੂ ਨੂੰ ਕੁੱਟਿਆ।

******


ਸੰਜੂ ਆਪਣੀ ਗਰ ਲਫਰੈਂਡ ਦੇ ਪਿਤਾ ਮਿਲਣ ਗਿਆ।
ਲੜਕੀ ਦਾ ਪਿਤਾ (ਸੰਜੂ ਨੂੰ),"ਮੈਂ ਨਹੀਂ ਚਾਹੁੰਦਾ ਕਿ ਮੇਰੀ ਧੀ ਆਪਣੀ ਪੂਰੀ ਜ਼ਿੰਦਗੀ ਇੱਕ ਮੂਰਖ ਇਨਸਾਨ ਦੇ ਨਾਲ ਬਿਤਾਏ।"
ਸੰਜੂ,"ਬਸ ਅੰਕਲ! ਇਸੇ ਲਈ ਤਾਂ ਮੈਂ ਉਸ ਨੂੰ ਇੱਥੋਂ ਲਿਜਾਣ ਆਇਆ ਹਾਂ।"

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification





Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਅੱਜ ਯੁੱਗ ਵਿਚ ਕਰੀਅਰ ਚੁਣਨਾ ਹੋਰ ਵੀ ਔਖਾ ਹੋ ਗਿਆ ਹੈ



ਕਰੀਅਰ ਦੀ ਚੋਣ ਕਰਨਾ ਅੱਜ ਇਤਿਹਾਸ ਵਿੱਚ ਕਿਸੇ ਵੀ ਸਮੇਂ ਨਾਲੋਂ ਵਧੇਰੇ ਔਖਾ ਹੋ ਗਿਆ ਹੈ, ਕਈ ਕਾਰਨਾਂ ਕਰਕੇ, ਮੁੱਖ ਤੌਰ 'ਤੇ ਇਹ ਹੈ ਕਿ ਇੱਥੇ ਚੁਣਨ ਲਈ ਬੇਅੰਤ ਬਹੁਤ ਕੁਝ ਹੈ, ਕਰੀਅਰ ਦੀਆਂ ਪਰਿਭਾਸ਼ਾਵਾਂ ਵਧੇਰੇ ਤਰਲ ਅਤੇ ਬਦਲਦੀਆਂ ਹਨ ਅਤੇ ਰੁਜ਼ਗਾਰਦਾਤਾਵਾਂ ਤੋਂ ਉੱਚ ਪੱਧਰੀ ਉਮੀਦਾਂ ਹਨ। ਗਲਤ ਨੌਕਰੀ ਦੀ ਚੋਣ ਅਤੇ ਹੋਰ ਕਈ ਕਾਰਨਾਂ ਕਰਕੇ ਅੱਜ ਬਹੁਤੇ ਮਰਦਾਂ ਅਤੇ ਔਰਤਾਂ ਦੁਆਰਾ ਵਰਕਫੋਰਸ ਵਿੱਚ ਦਾਖਲ ਹੋਣ ਦੁਆਰਾ ਅਕਸਰ ਨੌਕਰੀ ਬਦਲਣ ਦਾ ਰੁਝਾਨ ਵਧ ਰਿਹਾ ਹੈ। ਕੈਰੀਅਰ ਦੀ ਚੋਣ ਕਰਨਾ ਸਭ ਤੋਂ ਵਧੀਆ ਸਮੇਂ ਵਿੱਚ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ ਜਦੋਂ ਦੋਸਤਾਂ ਅਤੇ ਮਾਪਿਆਂ ਦੇ ਵਿਚਾਰ ਤੁਹਾਨੂੰ ਇੱਕ ਉਲਝਣ ਵਾਲੀ ਸਥਿਤੀ ਵਿੱਚ ਫਸਾਉਂਦੇ ਹਨ ਜਿੱਥੇ ਫੈਸਲਾ ਲੈਣਾ ਲਗਭਗ ਅਸੰਭਵ ਹੁੰਦਾ ਹੈ।

ਆਪਣੇ ਡਿਗਰੀ ਕੋਰਸ ਦਾ ਪਿੱਛਾ ਕਰਦੇ ਹੋਏ, ਬਹੁਤ ਸਾਰੇ ਵਿਦਿਆਰਥੀਆਂ ਕੋਲ ਕੈਰੀਅਰ ਦੀ ਯੋਜਨਾਬੰਦੀ ਵਿੱਚ ਖਰਚ ਕਰਨ ਲਈ ਜ਼ਿਆਦਾ ਸਮਾਂ ਨਹੀਂ ਹੁੰਦਾ। ਸਾਡੇ ਵਿੱਚੋਂ ਕੁਝ ਕੈਰੀਅਰ ਦੀ ਯੋਜਨਾ ਬਣਾਉਣ ਦੀ ਜ਼ਰੂਰਤ ਮਹਿਸੂਸ ਨਹੀਂ ਕਰਦੇ ਕਿਉਂਕਿ ਇਸਨੂੰ ਸਮੇਂ ਦੀ ਬਰਬਾਦੀ ਮੰਨਿਆ ਜਾਂਦਾ ਹੈ ਜਾਂ ਇਹ ਉੱਚ ਅਭਿਲਾਸ਼ਾਵਾਂ ਵਾਲੇ ਲੋਕਾਂ ਲਈ ਹੈ ਜਾਂ ਅਸੀਂ ਸੋਚਦੇ ਹਾਂ ਕਿ ਅਸੀਂ ਕੈਰੀਅਰ ਦੀ ਯੋਜਨਾ ਬਣਾਉਣ ਲਈ ਬਹੁਤ ਉੱਤਮ ਹਾਂ। ਅਜਿਹਾ ਵੀ ਹੁੰਦਾ ਹੈ ਕਿ ਅਸੀਂ ਪੜ੍ਹਾਈ ਦੀ ਫੀਸ ਦਾ ਭੁਗਤਾਨ ਕਰਨ ਲਈ ਪੈਸੇ ਕਮਾਉਣ ਲਈ ਕੰਮ ਵਿੱਚ ਬਹੁਤ ਰੁੱਝੇ ਹੋਏ ਹਾਂ ਜਾਂ ਸਾਡੇ ਵਿੱਚੋਂ ਕੁਝ ਕੈਰੀਅਰ ਦੀ ਖ਼ਾਤਰ ਇਹ ਵਾਧੂ ਕੋਸ਼ਿਸ਼ ਕਰਨ ਵਿੱਚ ਆਲਸੀ ਹਨ।

*ਸਹੀ ਕੈਰੀਅਰ ਦੀ ਚੋਣ ਕਿਵੇਂ ਕਰੀਏ?*

ਨੌਜਵਾਨ ਪੀੜ੍ਹੀ ਨੂੰ ਕਰੀਅਰ ਚੁਣਨ, ਇਸ ਲਈ ਲੋੜੀਂਦੀ ਯੋਗਤਾ ਹਾਸਲ ਕਰਨ, ਫੈਸਲੇ ਲੈਣ, ਟੀਚੇ ਤੈਅ ਕਰਨ ਅਤੇ ਫਿਰ ਕੋਈ ਕਦਮ ਚੁੱਕਣ ਦੀ ਲੋੜ ਹੈ। ਕਰੀਅਰ ਦੀ ਚੋਣ ਦੀ ਪ੍ਰਕਿਰਿਆ ਇੱਕ ਬਹੁ-ਪੜਾਵੀ ਹੈ। ਇਸ ਲਈ ਕਈ ਚੀਜ਼ਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ। ਤੁਹਾਨੂੰ ਆਪਣੇ ਬਾਰੇ ਇੱਕ ਸਵੈ-ਪ੍ਰਤੀਬਿੰਬ ਦੀ ਲੋੜ ਹੈ। ਨਿੱਜੀ ਕਦਰਾਂ-ਕੀਮਤਾਂ, ਰੁਚੀਆਂ, ਯੋਗਤਾਵਾਂ, ਕਾਬਲੀਅਤਾਂ, ਨਿੱਜੀ ਗੁਣਾਂ ਅਤੇ ਲੋੜੀਂਦੀ ਜੀਵਨਸ਼ੈਲੀ ਸਮੇਤ ਆਪਣੇ ਆਪ ਦੀ ਸਮਝ ਦਾ ਵਿਕਾਸ ਕਰਨਾ। ਅਜਿਹੀ ਸੂਝਤਾ ਇੱਕ ਸ਼ੁਰੂਆਤੀ ਸ਼ੁਰੂਆਤ ਲਈ ਮਹੱਤਵਪੂਰਨ ਹੈ ਜੋ ਇੱਕ ਸੰਭਾਵੀ ਕੈਰੀਅਰ ਲਈ ਇੱਕ ਮਜ਼ਬੂਤ ਬੁਨਿਆਦ ਦਾ ਆਧਾਰ ਹੈ। ਅਕਸਰ ਕਰੀਅਰ ਦੀ ਗਲਤ ਚੋਣ ਜਾਂ ਤਾਂ ਮਾਰਗਦਰਸ਼ਨ ਦੀ ਘਾਟ ਕਾਰਨ ਜਾਂ ਮਾੜੀ ਚੋਣ ਕਾਰਨ ਨਿਰਾਸ਼ਾ ਅਤੇ ਤਣਾਅ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਈ ਵਾਰ ਲੋਕ ਗ੍ਰੈਜੂਏਸ਼ਨ ਜਾਂ ਸਕੂਲ ਦੀ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੂੰ ਕੀਤੀ ਗਈ ਪਹਿਲੀ ਪੇਸ਼ਕਸ਼ 'ਤੇ ਉਨ੍ਹਾਂ ਦੀ ਉਤਸੁਕਤਾ ਦੇ ਪ੍ਰਭਾਵਾਂ ਨੂੰ ਮਹਿਸੂਸ ਕੀਤੇ ਬਿਨਾਂ ਛਾਲ ਮਾਰ ਦਿੰਦੇ ਹਨ। ਇਹ ਕੁਝ ਦਿਨਾਂ ਦੇ ਕੰਮ ਤੋਂ ਬਾਅਦ ਹੈ ਕਿ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਨੂੰ ਵਧੀਆ ਨੌਕਰੀ ਮਿਲ ਸਕਦੀ ਸੀ ਜਾਂ ਉਨ੍ਹਾਂ ਨੇ ਗਲਤ ਫੈਸਲਾ ਕੀਤਾ ਸੀ। ਨਾਲ ਹੀ ਕਈ ਵਾਰ ਅਜਿਹਾ ਹੁੰਦਾ ਹੈ ਕਿ ਲੋਕ ਸਿਰਫ਼ ਨੌਕਰੀ ਕਰਨਾ ਚਾਹੁੰਦੇ ਹਨ ਜੋ ਵੀ ਹੋਵੇ ਕਿਉਂਕਿ ਉਹ ਹੁਣ ਪੜ੍ਹਾਈ ਨਹੀਂ ਕਰਨਾ ਚਾਹੁੰਦੇ। ਇਹ ਰਵੱਈਆ ਉਹਨਾਂ ਲਈ ਨੁਕਸਾਨਦਾਇਕ ਹੈ ਕਿਉਂਕਿ ਅਗਲੇਰੀ ਪੜ੍ਹਾਈ ਉਹਨਾਂ ਦੀ ਵਧੀਆ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਵਧਾਏਗੀ। ਇਸ ਲਈ ਕੈਰੀਅਰ ਦੀ ਚੋਣ ਕਰਦੇ ਸਮੇਂ ਬਹੁਤ ਸਪੱਸ਼ਟ ਅਤੇ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ।

*ਸਵੈ ਮੁਲਾਂਕਣ:* ਤੁਹਾਡੇ ਲਈ ਅਸਲ ਵਿੱਚ ਕੀ ਮਹੱਤਵਪੂਰਨ ਹੈ? ਕਰੀਅਰ ਦੀ ਚੋਣ ਵਿੱਚ ਮੁੱਖ ਤੱਤਾਂ ਵਿੱਚੋਂ ਇੱਕ ਮੁੱਲ ਹੈ। ਤੁਹਾਡੀਆਂ ਕਦਰਾਂ-ਕੀਮਤਾਂ ਤੁਹਾਡੇ ਦੁਆਰਾ ਕੀਤੇ ਸਭ ਕੁਝ ਦਾ ਭਾਵਨਾਤਮਕ ਆਧਾਰ ਹਨ। ਇੱਕ ਸੰਤੁਸ਼ਟੀਜਨਕ ਕਰੀਅਰ ਬਣਾਉਣ ਲਈ ਇੱਕ ਵਿਅਕਤੀ ਨੂੰ ਆਪਣੇ ਨਿੱਜੀ ਮੁੱਲਾਂ ਅਤੇ ਉਹ ਕੰਮ ਕਰਨ ਦੇ ਵਿਚਕਾਰ ਉੱਚ ਪੱਤਰ-ਵਿਹਾਰ ਦੀ ਲੋੜ ਹੁੰਦੀ ਹੈ। ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਲਈ, ਤੁਹਾਨੂੰ ਆਪਣੇ ਮੁੱਲਾਂ ਨੂੰ ਛਾਂਟਣ ਦੀ ਲੋੜ ਹੈ ਅਤੇ ਉਹਨਾਂ ਨੂੰ ਜਿੰਨਾ ਤੁਸੀਂ ਕਰ ਸਕਦੇ ਹੋ ਸਪਸ਼ਟ ਅਤੇ ਸਹੀ ਢੰਗ ਨਾਲ ਲਿਖੋ।

*ਆਪਣੇ ਹੁਨਰ ਅਤੇ ਪ੍ਰਤਿਭਾ ਨੂੰ ਜਾਣੋ:* ਇੱਕ ਹੁਨਰ ਕੁਝ ਕਰਨ ਦੀ ਤੁਹਾਡੀ ਯੋਗਤਾ ਹੈ। ਇੱਕ ਪ੍ਰਤਿਭਾ ਇੱਕ ਯੋਗਤਾ ਹੈ ਜਿਸ ਨਾਲ ਤੁਸੀਂ ਪੈਦਾ ਹੋਏ ਹੋ ਜਾਂ ਕੁਝ ਅਜਿਹਾ ਹੈ ਜੋ ਤੁਹਾਡੇ ਲਈ ਕੁਦਰਤੀ ਤੌਰ 'ਤੇ ਆਉਂਦਾ ਹੈ। ਦੋਹਾਂ ਵਿਚਲੇ ਅੰਤਰ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ। ਹੋ ਸਕਦਾ ਹੈ ਕਿ ਤੁਸੀਂ ਕਿਸੇ ਚੀਜ਼ ਵਿੱਚ ਨਿਪੁੰਨ ਹੋਵੋ ਅਤੇ ਫਿਰ ਵੀ ਇਸਨੂੰ ਦਿਲਚਸਪ ਨਾ ਲੱਗੇ। ਇਸਦਾ ਮਤਲਬ ਇਹ ਹੈ ਕਿ ਤੁਸੀਂ ਜੋ ਕੁਝ ਕਰਨਾ ਸਿਖਾਇਆ ਗਿਆ ਹੈ ਉਸ ਨਾਲੋਂ ਤੁਸੀਂ ਕੁਦਰਤੀ ਤੌਰ 'ਤੇ ਚੰਗੀ ਤਰ੍ਹਾਂ ਕਰਨ ਦਾ ਅਨੰਦ ਲੈਣ ਲਈ ਵਧੇਰੇ ਯੋਗ ਹੋ।

*ਆਪਣੀਆਂ ਤਰਜੀਹਾਂ ਦਾ ਪਤਾ ਲਗਾਓ:* ਸਾਡੇ ਸਾਰਿਆਂ ਕੋਲ ਸੰਸਾਰ ਪ੍ਰਤੀ ਇੱਕ ਖਾਸ ਪਹੁੰਚ ਹੈ ਜੋ ਕੁਝ ਨਿੱਜੀ ਤਰਜੀਹਾਂ 'ਤੇ ਅਧਾਰਤ ਹੈ- ਅਸੀਂ ਦੂਜਿਆਂ ਨੂੰ ਕਿਵੇਂ ਸਮਝਦੇ ਹਾਂ, ਅਸੀਂ ਕਿਵੇਂ ਸੋਚਦੇ ਹਾਂ ਅਤੇ ਫੈਸਲੇ ਲੈਂਦੇ ਹਾਂ, ਕੀ ਅਸੀਂ ਲੋਕਾਂ ਨਾਲੋਂ ਸੰਕਲਪਾਂ ਨੂੰ ਤਰਜੀਹ ਦਿੰਦੇ ਹਾਂ ਜਾਂ ਇਸਦੇ ਉਲਟ, ਅਤੇ ਅਸੀਂ ਕਿਸ ਹੱਦ ਤੱਕ ਹਾਂ। ਸਾਡੇ ਜੀਵਨ ਵਿੱਚ ਅਨਿਸ਼ਚਿਤਤਾ ਦੇ ਨਾਲ ਆਰਾਮਦਾਇਕ. ਤੁਹਾਡੇ ਵਿੱਚੋਂ ਬਹੁਤਿਆਂ ਲਈ, ਇਹ ਤਰਜੀਹਾਂ ਇੱਕ ਅਵਚੇਤਨ ਪੱਧਰ 'ਤੇ ਕੰਮ ਕਰਦੀਆਂ ਹਨ ਪਰ ਇਹ ਸਾਡੇ ਦੁਆਰਾ ਦੂਜਿਆਂ ਨਾਲ ਕੰਮ ਕਰਨ ਦੇ ਤਰੀਕੇ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ।

*ਪ੍ਰਯੋਗ:* ਵਧੇਰੇ ਅਨੁਭਵ, ਇਹ ਉਨਾ ਹੀ ਵਧੀਆ ਹੈ। ਤਜਰਬਾ ਵੀ ਤਜਰਬੇ ਤੋਂ ਹੀ ਮਿਲਦਾ ਹੈ। ਹਰ ਕਰੀਅਰ ਅੰਦਰੋਂ ਬਾਹਰੋਂ ਵੱਖਰਾ ਹੁੰਦਾ ਹੈ। ਜਦੋਂ ਬਜ਼ਾਰ ਵਿੱਚ ਇੱਕ ਨਵੀਂ ਨੌਕਰੀ ਦੀ ਭਾਲ ਵਿੱਚ ਜਾਂ ਇੱਕ ਕੈਰੀਅਰ ਵਿੱਚ ਤਬਦੀਲੀ ਤੁਹਾਡੇ ਦਿਮਾਗ ਵਿੱਚ ਹੈ, ਤਾਂ ਤੁਹਾਨੂੰ ਬਾਹਰ ਜਾਣ ਅਤੇ ਉਹਨਾਂ ਲੋਕਾਂ ਨਾਲ ਗੱਲ ਕਰਨ ਦੀ ਲੋੜ ਹੈ ਜੋ ਅਸਲ ਵਿੱਚ ਇਹ ਕਰ ਰਹੇ ਹਨ। ਖੇਤਰ ਜਾਂ ਉਦਯੋਗ ਵਿੱਚ ਨੌਕਰੀ ਲਓ ਅਤੇ ਆਪਣੇ ਲਈ ਦੇਖੋ ਕਿ ਕੀ ਇਹ ਅਸਲ ਵਿੱਚ ਉਹੀ ਹੈ ਜੋ ਤੁਸੀਂ ਸੋਚਿਆ ਸੀ ਕਿ ਇਹ ਹੋਵੇਗਾ. ਅਤੇ ਕਿਸੇ ਇੱਕ ਅਥਾਰਟੀ ਜਾਂ ਕੰਮ ਦੇ ਤਜਰਬੇ 'ਤੇ ਭਰੋਸਾ ਨਾ ਕਰੋ। ਜਿੰਨਾ ਤਜਰਬਾ ਤੁਸੀਂ ਪ੍ਰਾਪਤ ਕਰ ਸਕਦੇ ਹੋ, ਭਾਵੇਂ ਇਹ ਕਿੰਨਾ ਛੋਟਾ ਕਿਉਂ ਨਾ ਹੋਵੇ। ਕਈ ਵਾਰ ਕਿਸੇ ਖਾਸ ਕਰੀਅਰ ਦੀ ਚੋਣ ਲਈ ਮਾਰਗਦਰਸ਼ਨ ਦੀ ਅਣਹੋਂਦ ਵਿੱਚ, ਤੁਸੀਂ ਕੰਮ ਦਾ ਤਜਰਬਾ ਹਾਸਲ ਕਰਨ ਲਈ ਵਲੰਟੀਅਰ ਕਰ ਸਕਦੇ ਹੋ। ਇਹ ਜਾਂਚ ਕਰਨਾ ਬਹੁਤ ਸੌਖਾ ਹੈ ਕਿ ਇਹ ਤੁਹਾਡੇ ਮੁੱਲਾਂ ਅਤੇ ਤਰਜੀਹਾਂ ਨੂੰ ਫਿੱਟ ਕਰਦਾ ਹੈ ਜਾਂ ਨਹੀਂ।

*ਇੱਕ ਵਿਆਪਕ ਦ੍ਰਿਸ਼ਟੀਕੋਣ ਰੱਖੋ:* ਇੱਕ ਵਿਅਕਤੀ ਨੂੰ ਵੱਡੀ ਤਸਵੀਰ ਨੂੰ ਸਮਝਣ ਦੇ ਯੋਗ ਹੋਣਾ ਚਾਹੀਦਾ ਹੈ, ਜਦੋਂ ਕਿ, ਉਸੇ ਸਮੇਂ, ਇਸਦੇ ਕਈ ਹਿੱਸਿਆਂ ਵਿੱਚ ਮਾਹਰ ਬਣਨਾ. ਇੱਕ ਵਿਆਪਕ ਦ੍ਰਿਸ਼ਟੀਕੋਣ ਹੋਣ ਦਾ ਮਤਲਬ ਹੈ ਕਿ ਤੁਸੀਂ ਵੱਧ ਤੋਂ ਵੱਧ ਸਿੱਖ ਸਕਦੇ ਹੋ ਕਿ ਤੁਸੀਂ ਕਿਹੜੀਆਂ ਨੌਕਰੀਆਂ ਵਿੱਚ ਦਿਲਚਸਪੀ ਰੱਖਦੇ ਹੋ ਅਤੇ ਜਿਨ੍ਹਾਂ ਕਰੀਅਰਾਂ ਬਾਰੇ ਤੁਸੀਂ ਵਿਚਾਰ ਕਰ ਰਹੇ ਹੋ ਅਤੇ ਨਾ ਸਿਰਫ਼ ਤੁਹਾਡੇ ਦਿਲਚਸਪੀ ਵਾਲੇ ਖੇਤਰ ਵਿੱਚ ਸ਼ਾਮਲ ਲੋਕ ਵਰਤਮਾਨ ਵਿੱਚ ਕੀ ਕਰ ਰਹੇ ਹਨ, ਸਗੋਂ ਇਸ ਬਾਰੇ ਵੀ ਕਿ ਉਦਯੋਗ ਜਾਂ ਪੇਸ਼ੇ ਕਿੱਥੇ ਜਾ ਰਿਹਾ ਹੈ।

*ਤਜਰਬਾ ਤੁਹਾਡੀ ਪਹਿਲੀ ਨੌਕਰੀ ਵਿੱਚ ਪੈਸੇ ਨਾਲੋਂ ਵੱਧ ਗਿਣਦਾ ਹੈ:* ਜ਼ਿਆਦਾਤਰ ਨਵੇਂ ਕਰਮਚਾਰੀਆਂ ਲਈ ਇਹ ਤਰਜੀਹਾਂ ਦਾ ਮਾਮਲਾ ਹੈ ਕਿ ਉਹ ਇਸ ਵਿੱਚ ਬਹੁਤ ਸਾਰੇ ਪੈਸੇ ਲਈ ਹਨ ਜਾਂ ਲੰਬੇ ਸਮੇਂ ਦੀ ਉੱਤਮਤਾ ਲਈ। ਕਈ ਮੌਕਿਆਂ ਨੂੰ ਆਕਾਰ ਦੇਣ ਦਾ ਇੱਕ ਵਧੀਆ ਤਰੀਕਾ ਹੈ ਆਪਣੇ ਆਪ ਤੋਂ ਪੁੱਛਣਾ: "ਮੈਂ ਜੋ ਵੀ ਕਰਦਾ ਹਾਂ ਉਸ ਵਿੱਚ ਕਿਹੜੀ ਸਥਿਤੀ ਮੈਨੂੰ ਸ਼ਾਨਦਾਰ ਬਣਨ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰੇਗੀ?" ਅਤੇ ਇਹ ਉਹ ਨਹੀਂ ਹੋ ਸਕਦਾ ਜੋ ਸਭ ਤੋਂ ਵੱਧ ਸ਼ੁਰੂਆਤੀ ਤਨਖਾਹ ਦਾ ਭੁਗਤਾਨ ਕਰਦਾ ਹੈ.

ਵੱਧ ਤੋਂ ਵੱਧ ਵਚਨਬੱਧਤਾ ਲਈ ਟੀਚਾ: ਅੱਜ ਦੇ ਮਾਲਕਾਂ ਨੂੰ ਮਾਮੂਲੀ ਸਮਰਪਣ ਅਤੇ ਔਸਤ ਪ੍ਰਦਰਸ਼ਨ ਦੀ ਕੋਈ ਪਰਵਾਹ ਨਹੀਂ ਹੈ। ਕਟੌਤੀ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤੇ ਜਾਣ ਦੇ ਨਾਲ ਤੁਹਾਨੂੰ ਇਹ ਪਤਾ ਲਗਾਉਣ ਵਿੱਚ ਬਹੁਤ ਸਮਾਂ ਨਹੀਂ ਲੱਗੇਗਾ ਕਿ ਤੁਸੀਂ ਨੌਕਰੀ ਤੋਂ ਬਾਹਰ ਹੋ। ਇਸਦੇ ਲਈ ਇੱਕੋ ਇੱਕ ਸੁਰੱਖਿਆ ਹੈ ਵੱਧ ਤੋਂ ਵੱਧ ਪ੍ਰਤੀਬੱਧਤਾ. ਜੇ ਤੁਸੀਂ ਵੱਧ ਤੋਂ ਵੱਧ ਆਉਟਪੁੱਟ ਦੇਣ ਵਿੱਚ ਅਸਮਰੱਥ ਹੋ ਤਾਂ ਤੁਹਾਨੂੰ ਕੁਝ ਅਜਿਹਾ ਲੱਭਣ ਦੀ ਜ਼ਰੂਰਤ ਹੈ ਜਿਸ ਵਿੱਚ ਤੁਸੀਂ ਕਰ ਸਕਦੇ ਹੋ।

*ਆਮਦਨ ਅਧਾਰਤ ਜੀਵਨਸ਼ੈਲੀ ਬਨਾਮ ਉਮੀਦ ਅਧਾਰਤ ਜੀਵਨ ਸ਼ੈਲੀ:* ਰੁਜ਼ਗਾਰਦਾਤਾ ਵਾਅਦੇ ਦੇਣ ਲਈ ਮਸ਼ਹੂਰ ਹਨ ਜਿਵੇਂ ਕਿ - ਦੋ ਸਾਲਾਂ ਵਿੱਚ, ਤੁਸੀਂ ਹਜ਼ਾਰਾਂ ਪੈਸੇ ਕਮਾ ਸਕਦੇ ਹੋ। ਅਤੇ ਬਹੁਤ ਸਾਰੇ ਨਵੇਂ ਪ੍ਰਵੇਸ਼ ਕਰਨ ਵਾਲੇ ਇਸ ਲਾਈਨ ਵਿੱਚ ਖਰੀਦਦੇ ਹਨ ਅਤੇ ਜਿਉਣਾ ਸ਼ੁਰੂ ਕਰਦੇ ਹਨ ਜਿਵੇਂ ਕਿ ਉਹ ਦੋ ਸਾਲਾਂ ਵਿੱਚ ਵਾਅਦਾ ਕੀਤੇ ਗਏ ਪੈਸੇ ਕਮਾ ਰਹੇ ਹਨ। ਇਸ ਲਈ ਤੁਹਾਨੂੰ ਆਪਣੀ ਜੀਵਨਸ਼ੈਲੀ ਨੂੰ ਇਸ ਤਰੀਕੇ ਨਾਲ ਢਾਂਚਾ ਬਣਾਉਣ ਲਈ, ਆਪਣੀ ਪਹਿਲੀ ਨੌਕਰੀ ਤੋਂ ਸ਼ੁਰੂ ਕਰਨ ਦੀ ਲੋੜ ਹੈ, ਜਿਸ ਨਾਲ ਤੁਸੀਂ ਹਰ ਤਨਖਾਹ ਦਾ 10 ਪ੍ਰਤੀਸ਼ਤ ਹਿੱਸਾ ਕੱਢ ਸਕੋ। ਜਲਦੀ ਸ਼ੁਰੂ ਕਰਨਾ ਅਤੇ ਨਿਯਮਿਤ ਅਤੇ ਸਮਝਦਾਰੀ ਨਾਲ ਨਿਵੇਸ਼ ਕਰਨਾ ਸ਼ਾਇਦ ਦੌਲਤ ਇਕੱਠੀ ਕਰਨ ਦੇ ਦੋ ਸਭ ਤੋਂ ਵੱਡੇ ਰਾਜ਼ ਹਨ।

*ਆਪਣੇ ਕਰੀਅਰ ਨੂੰ ਬਿਹਤਰ ਬਣਾਉਣ ਲਈ ਕੁਝ ਯਤਨ ਕਰੋ:* ਤੁਹਾਨੂੰ ਆਪਣੇ ਕਰੀਅਰ ਵਿੱਚ ਹੋਰ ਸੁਧਾਰ ਕਰਨ ਲਈ ਕੁਝ ਸਮਾਂ ਲਗਾਉਣ ਦੀ ਲੋੜ ਹੈ। ਰੁਜ਼ਗਾਰਦਾਤਾ ਅੱਜ ਤੁਹਾਡੇ 'ਤੇ ਖਰਚ ਕੀਤੇ ਗਏ ਪੈਸੇ ਤੋਂ ਮਾਲੀਆ ਪੈਦਾ ਕਰਨ ਵਿੱਚ ਵਧੇਰੇ ਦਿਲਚਸਪੀ ਰੱਖਦੇ ਹਨ। ਤੁਹਾਡੇ ਕੈਰੀਅਰ ਨੂੰ ਵਧਾਉਣ ਲਈ, ਉਹਨਾਂ ਨੂੰ ਇੱਕ ਤਤਕਾਲ ਜਾਂ ਮੁਕਾਬਲਤਨ ਤੇਜ਼ੀ ਨਾਲ ਮਹਿੰਗਾ ਲਾਭ ਦੇਖਣ ਦੀ ਜ਼ਰੂਰਤ ਹੁੰਦੀ ਹੈ, ਜਾਂ ਜਦੋਂ ਉਹ ਅਸਾਧਾਰਣ ਸੰਭਾਵਨਾ ਦੇਖਦੇ ਹਨ। ਇਹਨਾਂ ਮਾਪਦੰਡਾਂ 'ਤੇ ਨਿਰਭਰ ਕਰਨਾ ਅਕਲਮੰਦੀ ਦੀ ਗੱਲ ਨਹੀਂ ਹੈ। ਆਪਣੇ ਆਪ ਨੂੰ ਅੱਗੇ ਰੱਖ ਕੇ ਅੱਗੇ ਵਧਣ ਲਈ ਸਮਰਪਿਤ ਕਰੋ, ਅਤੇ ਤੁਸੀਂ ਇੱਕ ਚੀਜ਼ ਨੂੰ ਨਿਯੰਤਰਿਤ ਕਰਕੇ ਅਜਿਹਾ ਕਰਦੇ ਹੋ ਜਿਸ ਨੂੰ ਤੁਸੀਂ ਨਿਯੰਤਰਿਤ ਕਰ ਸਕਦੇ ਹੋ: ਸਭ ਤੋਂ ਉੱਤਮ ਬਣਨ ਲਈ ਤੁਹਾਡਾ ਸਮਰਪਣ ਜੋ ਤੁਸੀਂ ਹੋ ਸਕਦੇ ਹੋ।

*ਅਨੁਕੂਲਤਾ:* ਅਕਸਰ ਸਾਡੇ ਕੋਲ ਇੱਕ ਯੋਜਨਾ ਹੁੰਦੀ ਹੈ ਪਰ ਕੋਈ ਦਿਸ਼ਾ ਨਹੀਂ ਹੁੰਦੀ। ਪਰ ਸਾਡੇ ਵਿੱਚੋਂ ਬਹੁਤ ਘੱਟ ਲੋਕਾਂ ਕੋਲ ਦਿਸ਼ਾਵਾਂ ਹਨ ਅਤੇ ਕੋਈ ਯੋਜਨਾ ਨਹੀਂ ਹੈ। ਨਾਲ ਹੀ, ਸਾਡੇ ਕੋਲ ਬੈਕਅੱਪ ਯੋਜਨਾ ਨਹੀਂ ਹੈ ਜੇਕਰ ਕੁਝ ਉਸ ਅਨੁਸਾਰ ਨਹੀਂ ਚੱਲਦਾ ਹੈ। ਸਾਨੂੰ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਅਸੀਂ ਕਿੱਥੇ ਜਾਣਾ ਚਾਹੁੰਦੇ ਹਾਂ ਅਤੇ ਉੱਥੇ ਪਹੁੰਚਣ ਲਈ ਆਲੇ-ਦੁਆਲੇ ਘੁੰਮਣ, ਬੈਕਅੱਪ ਕਰਨ ਅਤੇ ਕੋਰਸ ਬਦਲਣ ਲਈ ਤਿਆਰ ਹਾਂ। ਭਾਵੇਂ ਅਸੀਂ ਇਸ ਦੀ ਯੋਜਨਾ ਨਹੀਂ ਬਣਾਈ ਹੈ ਜਾਂ ਆਪਣੇ ਲਈ ਕੋਈ ਟੀਚਾ ਨਿਰਧਾਰਤ ਨਹੀਂ ਕੀਤਾ ਹੈ। ਇਸ ਹੱਦ ਤੱਕ ਅਨੁਕੂਲ ਬਣੋ ਕਿ ਤੁਸੀਂ ਉਸ ਅਨੁਸਾਰ ਕੋਰਸ ਬਦਲ ਸਕਦੇ ਹੋ। ਪੂਰਨ ਨਿਸ਼ਚਤਤਾ, ਆਮ ਦਿਸ਼ਾ ਜਿਸ ਵੱਲ ਤੁਸੀਂ ਜਾ ਰਹੇ ਹੋ ਅਤੇ ਇਹ ਕਿ ਤੁਸੀਂ ਉੱਥੇ ਪ੍ਰਾਪਤ ਕਰੋਗੇ, ਤੁਹਾਨੂੰ ਸਹੀ ਕੈਰੀਅਰ ਬਣਾਉਣ ਦੀ ਲੋੜ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ*
*9465682110*

## ਭਾਰਤ ਨੂੰ ਆਈ.ਆਈ.ਟੀ. ਤੋਂ ਬਹੁਤ ਜ਼ਿਆਦਾ ਲੋੜ ਹੈ



ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ.ਆਈ.ਟੀ) ਦੇ ਸਾਰੇ ਵਿਦਿਆਰਥੀਆਂ ਨੂੰ ਵਧਾਈਆਂ, ਜੋ ਕਿ ਦੁਨੀਆ ਭਰ ਦੀਆਂ ਕੰਪਨੀਆਂ ਦੁਆਰਾ ਸ਼ਾਨਦਾਰ ਤਨਖਾਹਾਂ ਲਈ ਹੜੱਪੀਆਂ ਜਾ ਰਹੀਆਂ ਹਨ। ਇਹ ਇਸ ਗੱਲ ਦਾ ਸੰਕੇਤ ਹੈ ਕਿ ਅਰਥਵਿਵਸਥਾਵਾਂ ਠੀਕ ਹੋ ਰਹੀਆਂ ਹਨ, ਕਿ ਬਹੁਤ ਸਾਰੀਆਂ ਗਤੀਵਿਧੀਆਂ ਗੁਣਾਤਮਕ ਤੌਰ 'ਤੇ ਵਧੇਰੇ ਸਖ਼ਤ ਹੋ ਰਹੀਆਂ ਹਨ, ਜੋ ਕਿ ਉੱਤਮਤਾ ਦੀਆਂ ਸੰਸਥਾਵਾਂ ਦੇ ਅਧਿਆਪਕਾਂ ਅਤੇ ਸਾਥੀਆਂ ਦੁਆਰਾ ਸਨਮਾਨਿਤ ਬੁੱਧੀਮਾਨ ਦਿਮਾਗਾਂ ਦੀ ਮੰਗ ਕਰਦੀਆਂ ਹਨ। ਇਸ ਦੇ ਨਾਲ ਹੀ, ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਸਾਡੀ ਵਿਦਿਅਕ ਪ੍ਰਣਾਲੀ ਅਤੇ ਇਸਦੇ ਉੱਤਮਤਾ ਦੇ ਕੇਂਦਰ ਮਹਿੰਗੇ ਕੂੜੇ ਦੇ ਉਤਪਾਦਕ ਹਨ।

ਇਹ ਉਦੋਂ ਬਰਬਾਦ ਹੁੰਦਾ ਹੈ ਜਦੋਂ ਇੱਕ ਰਸਾਇਣਕ ਜਾਂ ਸਮੱਗਰੀ ਇੰਜੀਨੀਅਰ ਬਣਨ ਲਈ ਸਿਖਲਾਈ ਪ੍ਰਾਪਤ ਵਿਦਿਆਰਥੀ ਬਾਇਓਟੈਕਨਾਲੋਜੀ ਜਾਂ ਨੈਨੋ ਤਕਨਾਲੋਜੀ ਵਿੱਚ ਖੋਜ ਦੇ ਸਰਹੱਦੀ ਖੇਤਰਾਂ ਵਿੱਚ ਯੋਗਦਾਨ ਪਾਉਣ ਦੀ ਬਜਾਏ ਪੂੰਜੀ ਬਾਜ਼ਾਰ ਵਿੱਚ ਮਾਤਰਾ ਵਿੱਚ ਵਪਾਰ ਕਰਦਾ ਹੈ। ਵਿਅਰਥ ਇਹ ਉਦੋਂ ਹੁੰਦਾ ਹੈ ਜਦੋਂ ਉਭਰਦੀ ਪ੍ਰਤਿਭਾ ਆਪਣੇ ਆਲੇ ਦੁਆਲੇ ਦੀਆਂ ਸਮੱਸਿਆਵਾਂ ਨੂੰ ਇੱਕ ਤਾਜ਼ਾ ਨਜ਼ਰ ਨਾਲ ਪਹੁੰਚ ਸਕਦੀ ਸੀ, ਨੌਜਵਾਨਾਂ ਦੀ ਜੋਸ਼ ਅਤੇ ਆਪਣੀ ਕਿਸਮ ਦੇ ਕੁਝ ਉੱਤਮ ਸੰਸਥਾਵਾਂ ਵਿੱਚ ਸਿਖਲਾਈ ਪ੍ਰਾਪਤ ਕਰਨ ਤੋਂ ਪੈਦਾ ਹੋਏ ਵਿਸ਼ਵਾਸ ਅਤੇ ਸੰਪਰਕ, ਉੱਦਮਤਾ ਦੇ ਇੱਕ ਸੰਭਾਵੀ ਮਾਰਗ ਨੂੰ ਛੱਡ ਦਿੰਦੇ ਹਨ ਜੋ ਹੱਲ ਕਰਦਾ ਹੈ ਸਮੱਸਿਆਵਾਂ ਜਾਂ ਨਵੀਆਂ ਸੇਵਾਵਾਂ ਦੀ ਖੋਜ ਕਰਦਾ ਹੈ ਅਤੇ, ਇਸ ਦੀ ਬਜਾਏ, ਕਿਸੇ ਹੋਰ ਦੁਆਰਾ ਉਹਨਾਂ ਲਈ ਚੁਣੀਆਂ ਗਈਆਂ ਸਮੱਸਿਆਵਾਂ ਨੂੰ ਦੂਰ ਕਰਨ ਦੀ ਚੋਣ ਕਰਦਾ ਹੈ। ਜੇ ਇਹ ਮਾਲਕ ਮੇਰੀ ਕਾਬਲੀਅਤ ਲਈ ਇੰਨਾ ਪੈਸਾ ਦੇਣ ਲਈ ਤਿਆਰ ਹੈ, ਤਾਂ ਮੈਂ ਕਿੰਨਾ ਕੀਮਤੀ ਹੋਵਾਂਗਾ ਜੇ ਮੈਂ ਆਪਣੇ ਲਈ ਕੰਮ ਕਰਾਂ, ਫਿਲਮ ਦੇ ਹੀਰੋ ਗੁਰੂ ਨੇ ਕਿਹਾ। ਬੇਸ਼ੱਕ, ਹਰ ਗ੍ਰੈਜੂਏਟ ਤੋਂ ਇਸ ਤਰ੍ਹਾਂ ਸੋਚਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਪਰ, ਨਿਸ਼ਚਤ ਤੌਰ 'ਤੇ, ਭਾਰਤ ਨੂੰ ਇੱਕ ਵਾਤਾਵਰਣ ਪ੍ਰਣਾਲੀ ਬਣਾਉਣ ਦੀ ਜ਼ਰੂਰਤ ਹੈ ਜਿੱਥੇ ਵਧੇਰੇ ਵਿਦਿਆਰਥੀ ਸਟਾਰਟਅਪ ਰੂਟ ਦੇ ਨਾਲ, ਸੰਭਾਵੀ ਅਮੀਰੀ ਅਤੇ ਸੰਭਾਵੀ ਅਸਫਲਤਾ ਦੇ ਦਿਲਚਸਪ, ਅਨਿਸ਼ਚਿਤ ਸੰਸਾਰ ਵਿੱਚ ਡੁੱਬਣਗੇ।

ਉਹਨਾਂ ਕਿੱਤਿਆਂ ਲਈ ਜੋ ਗਣਿਤ, ਅੰਕੜਾ ਮਾਡਲਿੰਗ ਅਤੇ ਕੋਡਿੰਗ ਵਿੱਚ ਉੱਚ-ਪੱਧਰੀ ਹੁਨਰ ਦੀ ਮੰਗ ਕਰਦੇ ਹਨ, ਭਾਰਤ ਨੂੰ ਉੱਚ ਪੱਧਰੀ ਸੰਸਥਾਵਾਂ ਦੀ ਇੱਕ ਨਵੀਂ ਨਸਲ ਤਿਆਰ ਕਰਨੀ ਚਾਹੀਦੀ ਹੈ, ਤਾਂ ਜੋ ਬਹੁਤ ਲੋੜੀਂਦੀ ਇੰਜੀਨੀਅਰਿੰਗ ਪ੍ਰਤਿਭਾ ਨਵੇਂ ਸਿਤਾਰਿਆਂ ਦੇ ਵਪਾਰ ਦੀ ਭੁੱਖਮਰੀ ਤੋਂ ਬਿਨਾਂ, ਇੰਜੀਨੀਅਰਿੰਗ ਵਿੱਚ ਜਾ ਸਕੇ। ਜੇਕਰ ਭਾਰਤ ਨੇ ਉਦਯੋਗ ਦੇ ਨਵੇਂ ਖੇਤਰਾਂ ਵਿੱਚ ਸਫ਼ਲਤਾ ਪ੍ਰਾਪਤ ਕਰਨੀ ਹੈ, ਤਾਂ ਇਸ ਨੂੰ ਸੁਹਜਾਤਮਕ ਰਚਨਾਤਮਕਤਾ ਵਿੱਚ ਉਭਾਰ ਦੇ ਨਾਲ-ਨਾਲ ਗਣਿਤ ਅਤੇ ਵਿਗਿਆਨ ਵਿੱਚ ਉੱਤਮ ਇੰਜੀਨੀਅਰਾਂ ਦੀ ਲੋੜ ਹੈ। ਪ੍ਰਤਿਭਾ ਨੂੰ ਉੱਚੇ ਪੱਧਰ 'ਤੇ, ਪੂਰੇ ਬੋਰਡ ਵਿੱਚ ਪਾਲਿਆ ਜਾਣਾ ਚਾਹੀਦਾ ਹੈ। ਦੀ ਪਲੇਸਮੈਂਟ ਸਫਲਤਾ ਇਸ ਗੱਲ ਦਾ ਸਬੂਤ ਹੈ ਕਿ ਸਾਨੂੰ ਤੋਂ ਪਰੇ ਦੇਖਣ ਦੀ ਲੋੜ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਸਿੱਖਿਆ ਸ਼ਾਸਤਰੀ*
*ਸਾਬਕਾ ਪੀਈਐਸ-1*
*ਮਲੋਟ*

## ਦੇਸ਼ ਨਿਕਾਲਾ ਦਿੱਤੀ ਜਾ ਰਹੀ 'ਮਾਂ ਬੋਲੀ ਪੰਜਾਬੀ'

ਹਰ ਇਨਸਾਨ ਦੀਆਂ ਤਿੰਨ ਮਾਵਾਂ ਹੁੰਦੀਆਂ ਹਨ। ਇੱਕ ਜੋ ਜਨਮ ਦਿੰਦੀ ਹੈ, ਦੂਜੀ ਮਾਂ ਸਾਡੀ ਮਾਂ ਬੋਲੀ ਜੋ ਸਾਡੇ ਲਈ ਹਾਵ ਭਾਵ ਦੱਸਣ ਦਾ ਜ਼ਰੀਆ ਹੈ ਅਤੇ ਤੀਜੀ ਜੋ ਸਾਨੂੰ ਰਿਜ਼ਕ ਦਿੰਦੀ ਹੈ। ਉਹ ਕਿਸਾਨ ਅਤੇ ਮਜ਼ਦੂਰ ਵਾਸਤੇ ਜ਼ਮੀਨ ਹੋ ਸਕਦੀ ਹੈ, ਇੱਕ ਦੁਕਾਨਦਾਰ ਲਈ ਦੁਕਾਨ ਹੋ ਸਕਦੀ ਹੈ। ਮਾਂ ਬੋਲੀ ਸਾਡੀ ਜ਼ਿੰਦਗੀ ਦਾ ਸਭ ਤੋਂ ਅਨਿੱਖੜਵਾਂ ਅੰਗ ਹੈ। ਪਰ ਅਫਸੋਸ ਹੈ ਇਸ ਗੱਲ ਦਾ ਕਿ ਦੁਨੀਆਂ ਦੇ ਇਤਿਹਾਸ ਵਿੱਚ ਸਾਡੇ ਪੰਜਾਬੀਆਂ ਵਰਗੇ ਨਾਸ਼ੁਕਰੇ, ਫੁਕਰੇ, ਅਹਿਸਾਨਫਰਾਮੋਸ਼, ਲਾਈਲੱਗ ਕੋਈ ਹੋਰ ਵੀ ਹੈ ਤਾਂ ਦੱਸੋ? ਕੀ ਭਾਰਤ ਦੇ ਕਿਸੇ ਵੀ ਸੂਬੇ ਵਿੱਚ ਕਿਸੇ ਨੇ ਸਾਡੇ ਪੰਜਾਬੀਆਂ ਵਾਂਗ ਆਪਣੀ ਮਾਂ ਬੋਲੀ ਨੂੰ ਗੁੱਤੋਂ ਫੜ ਕੇ ਘੜੀਸਿਆ? ਮਹਾਰਾਸ਼ਟਰ, ਗੁਜਰਾਤ , ਕਰਨਾਟਕਾ ਸਾਰੇ ਰਾਜਾਂ ਦੇ ਲੋਕ ਆਪਣੀ ਮਾਂ ਬੋਲੀ ਵਿੱਚ ਗੱਲ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ। ਪਰ ਸਾਡੇ ਵਾਲਾ ਲਾਣਾ ਮਾਂ ਬੋਲੀ ਤੋਂ ਸ਼ਰਮ ਮਹਿਸੂਸ ਕਰਦਾ ਹੈ। ਹਿੰਦੀ ਦੀ ਐਸੀ ਪੁੱਠ ਚਾੜ੍ਹੀ ਜਾ ਰਹੀ ਹੈ ਕਿ ਮਾਂ ਬੋਲੀ ਪੰਜਾਬੀ ਦੀ ਰੂਹ ਹੀ ਖਤਮ ਹੁੰਦੀ ਜਾ ਰਹੀ ਹੈ । ਇੱਕ ਪੂਰੀ ਸਕੀਮ ਤਹਿਤ ਮਾਂ ਬੋਲੀ ਪੰਜਾਬੀ ਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਹਰ ਸ਼ਬਦ ਨੂੰ ਹਿੰਦੀ ਅਨੁਸਾਰ ਢਾਲਿਆ ਜਾ ਰਿਹਾ ਹੈ। ਸਤਿ ਸ੍ਰੀ ਅਕਾਲ ਤੋ ਸ਼ਸੀਕਾਲ ਹੋ ਗਿਆ, ਵਿਆਹ ਤੋ ਸ਼ਾਦੀ ਹੋ ਗਿਆ, ਪਾਣੀ ਤੋ ਪਾਨੀ ਹੋ ਗਿਆ, ਡਾਂਗ ਸੋਟੇ ਤੋ ਲਾਠੀ ਹੋ ਗਿਆ। ਹੋਰ ਹਜਾਰਾਂ ਹੀ ਸ਼ਬਦਾ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤਾ ਹੈ। ਸਿਆਣਿਆਂ ਦਾ ਕਹਿਣਾ ਹੈ ਕਿ ਚੰਗੀ ਗੱਲ ਦੁਸ਼ਮਣ ਦੀ ਵੀ ਸਿੱਖ ਲਵੋ ਤੇ ਮਾੜੀ ਕਿਸੇ ਸੱਜਣ ਦੀ ਵੀ ਨਾ ਸਿੱਖੋ। ਪਰ ਆ ਸਾਡੇ ਵਾਲਿਆਂ ਨੇ ਤਾਂ ਨਵੀ ਕਹਾਵਤ ਚਲਾ ਦਿੱਤੀ ਕਿ ਭਾਵੇ ਹੋਵੇ ਦੁਸ਼ਮਣ ਦੀ ਭਾਵੇ ਸੱਜਣ ਦੀ ਅਸੀ ਤਾਂ ਮਾੜੀ ਹੀ ਸਿੱਖਾਂਗੇ। ਹੁਣ ਉਸ ਤੋ ਵੀ ਅਚੰਭੇ ਵਾਲੀ ਗੱਲ ਸੁਣੋ ਕਿ ਸਾਡੇ ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਬੱਚਿਆਂ ਨੂੰ ਜ਼ੁਰਮਾਨਾ ਦੇਣਾ ਪੈਂਦਾ ਹੈ। ਇਸ ਤੋ ਵੱਡੀ ਤ੍ਰਾਸਦੀ ਕੀ ਹੋਵੇਗੀ। ਓ ਭਲੇਮਾਣਸੋ , ਬੁੱਢੀਆਂ ਮਾਂਵਾਂ ਸਾਡੀਆਂ ਰੁਲਣ ਬਿਰਧ ਘਰਾਂ ਵਿੱਚ, ਆਸ਼ਰਮਾਂ ਵਿੱਚ ਤੇ ਇਹੀ ਹਾਲ ਤੁਸੀ ਪੰਜਾਬੀ ਮਾਂ ਬੋਲੀ ਨਾਲ ਕਰ



ਹਰਕੀਰਤ ਕੌਰ
9779118066

ਰਹੇ ਹੋ। ਮੈਂ ਹੈਰਾਨ ਹੁੰਦੀ ਹਾਂ ਜਦੋਂ ਅੱਜ ਦੀ ਨੌਜਵਾਨ ਪੀੜੀ ਪੰਜਾਬੀ ਬੋਲਣ ਨੂੰ ਪੱਛੜੇ ਹੋਣ ਦੀ ਨਿਸ਼ਾਨੀ ਦੱਸਦੀ ਹੈ। ਇੱਥੇ ਮੈ ਸਾਰਿਆਂ ਨੂੰ ਦੱਸ ਦੇਣਾ ਚਹੁੰਦੀ ਹਾਂ ਕਿ ਪੰਜਾਬੀ ਭਾਸ਼ਾ ਦੁਨੀਆਂ ਦੀ ਸਭ ਤੋ ਸੰਪੂਰਣ ਅਤੇ ਪੁਰਾਣੀ ਭਾਸ਼ਾ ਹੈ। ਅੱਦਹਮਾਣ ਤੋਂ ਹੀ ਨਹੀਂ ਤਾਂ ਬਾਬਾ ਫ਼ਰੀਦ ਤੋ ਲੈ ਕੇ, ਕਿੰਨੀਆਂ ਬੋਲੀਆਂ ਨੇ ਐਨੀਆਂ ਸਦੀਆਂ ਪੁਰਾਣੀਆਂ? ਅੰਗਰੇਜ਼ੀ ਦੇ ਕਵੀ ਚਾਸਰ 1340-1400 ਨੂੰ ਅੰਗਰੇਜ਼ੀ ਦਾ ਪਹਿਲਾ ਕਵੀ ਮੰਨਿਆ ਜਾਂਦਾ ਹੈ ਤਾਂ ਉਹ ਬਾਬਾ ਫ਼ਰੀਦ ਜੀ 1178-1271ਦੇ ਪੜਪੋਤਿਆਂ ਦੇ ਹਾਣ ਦਾ ਬਣਦਾ ਹੈ । ਬਤੌਰ ਅਧਿਆਪਕਾਂ ਬੱਚਿਆਂ ਦੇ ਮਾਪਿਆਂ ਨੂੰ ਮਿਲਣ ਦਾ ਮੌਕਾ ਬਣਦਾ ਤਾਂ ਮਾਪਿਆਂ ਦੀ ਪਹਿਲੀ ਮੰਗ ਹੁੰਦੀ ਮੈਡਮ ਜੀ ਬੱਚੇ ਨੂੰ ਅੰਗਰੇਜ਼ੀ ਸਿਖਾ ਦੇਣਾ ਚੰਗੀ ਤਰ੍ਹਾਂ।ਕਈ ਚੰਗੇ ਭਲੇ ਸਰਦਾਰ ਜਦੋ ਆਕੇ ਹਿੰਦੀ ਵਿੱਚ ਗੱਲ ਕਰਨਗੇ ਤਾਂ ਮਨ ਬੜਾ ਬੇਚੈਨ ਹੁੰਦਾ ਕਿ ਬਈ ਭਲੇਮਾਣਸੋ ਜੇ ਨਹੀ ਨਿਭਦੀ ਹਿੰਦੀ ਨਾਲ ਤਾਂ ਆਪਣੀ ਮਾਂ ਬੋਲੀ ਨੂੰ ਜਰੂਰ ਧੱਕਾ ਦੇਣਾ। ਮੈਨੂੰ ਮੇਰੇ ਪਿਤਾ ਜੀ ਹਮੇਸ਼ਾ ਡਾ. ਹਰਸ਼ਿੰਦਰ ਕੌਰ ਜੀ ਦੀ ਉਦਾਹਰਣ ਦਿੰਦੇ ਹੁੰਦੇ ਨੇ ਕਿ ਉਹਨਾਂ ਨੇ ਯੂ. ਐਨ.ਓ ਵਿੱਚ ਹੋਈ ਇੱਕ ਬੈਠਕ ਵਿੱਚ ਡਾ. ਸਾਹਿਬ ਨੇ ਪੰਜਾਬੀ ਵਿੱਚ ਭਾਸ਼ਣ ਦਿੱਤਾ ਸੀ ਕਿੰਨੇ ਮਾਣ ਵਾਲੀ ਗੱਲ ਸੀ ਸਾਡੀ ਪੰਜਾਬੀ ਮਾਂ ਬੋਲੀ ਲਈ ਜਦੋਂ ਉਸਦੀ ਧੀ ਨੇ ਬੇਗਾਨੀਆਂ ਭਸ਼ਾਵਾਂ ਵਿੱਚ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਇਆ ਹੋਵੇਗਾ। ਬੋਲੀ ਕੇਵਲ ਸੰਚਾਰ ਦਾ ਸਾਧਨ ਹੀ ਨਹੀਂ ਹੁੰਦੀ ਸਗੋਂ ਇਹ ਮਨੁੱਖ ਦੀ ਹੋਣੀ ਤੇ ਹੋਂਦ ਨਾਲ ਜੁੜੀ ਹੁੰਦੀ ਹੈ। ਮੈਂ ਕਈ ਵਾਰ ਲੋਕਾਂ ਵਿੱਚ ਵਿਚਰਦਿਆਂ ਸੁਣਦੀ ਹਾਂ ਕਿ ਉਹ ਇਸ ਗੱਲ ਨੂੰ ਦੱਸਣ ਵਿੱਚ ਬਹੁਤ ਮਾਣ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਪੰਜਾਬੀ ਪੜਨੀ ਨਹੀ ਆਉਦੀਂ ਜਾਂ ਲਿਖਣੀ ਨਹੀ ਆਉਦੀਂ। ਪਰ ਇਸਦੇ ਉੱਲਟ ਕੁਝ ਅਜਿਹੇ ਲੋਕਾਂ ਨੂੰ ਵੀ ਮਿਲੀ ਜੋ ਪੰਜਾਬ ਦੇ ਨਾ ਹੋ ਕੇ ਵੀ ਪੰਜਾਬੀ ਸਿੱਖ ਵੀ ਰਹੇ ਨੇ ਤੇ ਆਪਣੇ ਬੱਚਿਆਂ ਨੂੰ ਸਿਖਾਂ ਵੀ ਰਹੇ ਨੇ। ਅੰਤ ਵਿੱਚ ਇਹੀ ਕਹਿਣਾ ਉੱਚਿਤ ਸਮਝਾਂਗੀ ਕਿ ਮਾਂ ਭਾਵੇਂ ਜਨਮ ਦੇਣ ਵਾਲੀ ਹੋਵੇ ਜਾਂ ਹੋਵੇ ਬੋਲੀ ਮਾਂ ਤਾਂ ਮਾਂ ਹੀ ਹੁੰਦੀ ਹੈ ।

ਸੋ ਜਰੂਰਤ ਹੈ ਪੰਜਾਬੀ ਮਾਂ ਬੋਲੀ ਨੂੰ ਮੁੜ ਵਸਾਉਣ ਦੀ। ਉਸਨੂੰ ਰਾਣੀਆਂ ਵਾਂਗ ਰੱਖਣ ਦੀ ਤਾਂ ਜੋ ਸਾਡੇ ਬੋਲਾਂ ਦਾ ਸ਼ਿੰਗਾਰ ਬਣ ਕੇ ਮਾਂ ਬੋਲੀ ਪੰਜਾਬੀ ਦੂਸਰੇ ਭਾਸ਼ਾ ਦੇ ਸ਼ਰੀਕੇ ਵਿੱਚ ਹਿੱਕ ਤਾਣ ਕੇ ਤੇ ਸਿਰ ਚੁੱਕ ਕੇ ਚਲ ਸਕੇ।

## ਮਿੰਨੀ ਕਹਾਣੀ

## ਕੁੜੀਆਂ ਜਾਂ ਚਿੜੀਆਂ

'ਧਨੇਰ ਸਾਬ੍ਹ' ਜਿਲਾ ਸਮਾਜ ਭਲਾਈ ਅਫਸਰ, ਇਲਾਕੇ ਦੀ ਵੱਡੀ ਸ਼ਖਸੀਅਤ। ਅਖਬਾਰਾਂ ਤੇ ਮੈਗਜ਼ੀਨਾਂ ਚ ਆਰਟੀਕਲ ਵੀ ਲਿੱਖਦੇ, ਸਮਾਜ ਚ ਔਰਤ ਦੀ ਸਥਿਤੀ ਤੇ ਉਨਾਂ ਦੀਆਂ ਲਿਖਤਾਂ ਬਹੁਤ ਪ੍ਰਭਾਵਸ਼ਾਲੀ ਹੁੰਦੀਆਂ। 'ਅਫਸਰ ਸਾਬ੍ਹ' ਦੀ ਧੀ ਅਮਨ, ਦੱਸਵੀ ਜਮਾਤ ਦੀ ਵਿਦਿਆਰਥਣ, ਆਪਣੇ ਪਾਪਾ ਦੀਆਂ ਲਿਖਤਾਂ ਤੇ ਘਰੇ ਪਾਪਾ ਜੀ ਦਾ ਵਿਵਹਾਰ ਵੇਖ, ਦੋਹਰੇ ਕਿਰਦਾਰ ਬਾਰੇ ਅਕਸਰ ਸੋਚਾਂ ਚ ਪੈ ਜਾਂਦੀ ਪਰ ਬਾਲ ਮਨ ਅਕਸਰ ਈ, ਨਤੀਜੇ ਤੇ ਨਹੀਂ ਪਹੁੰਚ ਪਾਉਂਦਾ। ਹਰ ਚੀਜ ਘਰੇ ਉਸ ਲਈ ਉਪਲੱਬਧ ਸੀ ਪਰ ਬਹੁਤ ਵਾਰ ਉਹ ਆਪਣੇ ਪਿਤਾ ਦੀ ਬੇਲੋੜੀ ਸਖਤੀ ਤੇ ਨਜਾਇਜ਼ ਰੋਕ ਟੋਕ ਤੋਂ ਅਸਹਿਜ ਹੋ ਜਾਂਦੀ ਤੇ ਮੰਮੀ ਨਾਲ ਅਕਸਰ, ਜਿਕਰ ਕਰਦੀ ਪਰ ਮੰਮੀ ਦੀ ਚੁੱਪੀ ਵੀ ਤਾਂ ਅਮਨ ਦੀ ਸਮਝ ਤੋਂ ਬਾਹਰ ਸੀ।

ਸਕੂਲ ਚ ਅੱਜ ਸਲਾਨਾ ਸਮਾਗਮ, ਅਮਨ ਨੇਂ ਵੀ ਗਿੱਧੇ ਚ ਹਿੱਸਾ ਲਿਆ, ਅਮਨ ਦੀ ਸੁੰਦਰਤਾ ਤੇ ਮਸੂਮੀਅਤ ਅਦੁੱਤੀ ਸੀ, ਬੱਚੀ ਦੇ ਚਿਹਰੇ ਦਾ ਨੂਰ ਰੱਬੀ ਸੀ। ਗਿੱਧੇ ਚ ਅਮਨ ਦੇ ਜਬਰਦਸਤ ਪ੍ਰਦਰਸ਼ਨ ਤੇ, ਮੁੱਖ ਮਹਿਮਾਨ ਵਜੋਂ ਪੁੱਜੇ ਜ਼ਿੱਲਾ ਸਿਖਿਆ ਅਫਸਰ, ਮੱਲ੍ਹੀ ਸਾਬ੍ਹ, ਵੱਲੋਂ ਅਮਨ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਗਿਆ। ਸ਼ਾਮ ਨੂੰ ਜਿਲੇ ਦੇ ਅਧਿਕਾਰੀਆਂ ਦੀ ਮੀਟਿੰਗ ਖਤਮ ਹੋਣ ਤੇ ਮੱਲ੍ਹੀ ਸਾਬ੍ਹ ਨੇ, ਸਾਰਿਆਂ ਸਾਹਮਣੇ ਧਨੇਰ ਸਾਬ੍ਹ ਨੂੰ ਬੇਟੀ ਦੀ ਤਰੀਫ ਚ ਕਿਹਾ," ਸਾਬ੍ਹ, ਅੱਜ ਤੁਹਾਡੀ ਬੇਟੀ ਬਹੁਤ ਪਿਆਰੀ ਲੱਗ ਰਹੀ ਸੀ, ਗਿੱਧੇ ਚ ਪਹਿਲੇ ਸਥਾਨ ਤੇ ਰਹੀ ਏ, ਮੁਬਾਰਕਾਂ!" ਸਾਬ੍ਹ ਬਸ ਹੱਸ ਕੇ ਬਾਹਰ ਆ ਗਏ ਪਰ ਪਤਾ ਨ੍ਹੀਂ ਅੱਖਾਂ ਲਾਲ ਜਿਹੀਆਂ ਕਿਉਂ ਜਾਪ ਰਹੀਆਂ ਸਨ। ਘਰੇ ਆਉਂਦਿਆ ਈ, ਬੋਤਲ ਖੋਲ ਬਹਿ ਗਏ, ਅਮਨ ਦੇ ਟਿਊਸ਼ਨ ਤੋਂ ਆਉਣ ਦੀ ਉਡੀਕ ਚ, ਉੱਧਰ ਅਮਨ ਨੂੰ ਵੀ ਬਹੁਤ ਚਾਅ ਸੀ, ਟਰਾਫੀ ਨਾਲ ਬੈਗ ਚ ਈ ਲੈ ਗਈ ਕਿ ਘਰ ਵੜਦਿਆਂ ਈ ਪਾਪਾ ਨੂੰ ਦਿਖਾਵੇਗੀ।

ਅਮਨ, ਪਾਪਾ ਦੇ ਕਮਰੇ ਚ ਜਾਣ ਈ ਲੱਗੀ ਕਿ, "ਚੱਟਾਕ, ਚੱਟਾਕ", ਸਾਬ੍ਹ ਨੇ ਮਾਸੂਮ ਮੂੰਹ ਤੇ, ਦੋ ਕਰਾਰੇ ਥੱਪੜ ਜੜ ਦਿੱਤੇ, ਟਰਾਫੀ ਵੀ ਥੱਲੇ ਡਿੱਗ ਟੁੱਟ ਗਈ, "ਏ ਨੱਚਣ-ਨੁੱਚਣ ਆਲੇ ਕੰਮ ਦੁਬਾਰਾ ਕੀਤੇ ਤਾਂ ਹਿਸਾਬ ਲਾ ਲਈਂ ਆਪਣਾ,, ਲੋਕ ਕੀ-ਕੀ ਬਕਵਾਸ ਕਰਦੇ ਨੇਂ, ਤੈਨੂੰ ਪਤਾ ਨ੍ਹੀਂ ਅਸੀਂ,,,,,,,"। ਧਨੇਰ ਸਾਬ੍ਹ ਪਤਾ ਨਹੀਂ ਕੀ-ਕੀ ਕਹੀ ਗਏ। ਮੰਮੀ, ਮੁਸ਼ਕਿਲ ਨਾਲ, ਉਸਨੂੰ ਦੂਜੇ ਕਮਰੇ ਚ ਲੈ ਕੇ ਗਈ, ਪਰ ਉਸਨੂੰ ਕੁੱਝ ਵੀ ਸਮਝ ਨ੍ਹੀਂ ਆ ਰਿਹਾ ਸੀ, ਬਾਥਰੂਮ ਵੀ ਤਾਂ ਅੰਦਰ ਈ ਨਿਕਲ ਗਿਆ ਸੀ, ਪਰ ਸਾਹਮਣੇ ਮੇਜ ਤੇ ਪਏ ਅਖਬਾਰ ਚ 'ਧਨੇਰ ਸਾਬ੍ਹ' ਦਾ ਈ ਲਿਖਿਆ ਆਰਟੀਕਲ ਚਮਕ ਰਿਹਾ ਸੀ, ਜਿਸਦਾ ਸਿਰਲੇਖ ਸੀ,'ਕੁੜੀਆਂ ਜਾਂ ਚਿੜੀਆਂ'।

*-ਅਸ਼ੋਕ ਸੋਨੀ ,ਕਾਲਮਨਵੀਸ*
*ਖੂਈ ਖੇੜਾ, ਫਾਜ਼ਿਲਕਾ*
*9872705078*

## ਕਿਸਾਨ ਬੀਬੀਆਂ ਦੀ ਕੰਗਨਾ ਨੂੰ ਚੁਣੌਤੀ: ਫਿਰ ਪੰਜਾਬ ਵਿੱਚ ਪੈਰ ਧਰ ਕੇ ਦਿਖਾਵੀਂ



ਚੰਡੀਗੜ੍ਹ, 6 ਦਸੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਕਿਸਾਨ ਬੀਬੀਆਂ ਜਰਨੈਲ ਕੌਰ ਤੇ ਬਲਵੀਰ ਕੌਰ ਅਤੇ ਹੋਰਨਾਂ ਨੇ ਅਦਾਕਾਰਾ ਕੰਗਣਾ ਰਣੌਤ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਅਗਲੀ ਵਾਰ ਪੰਜਾਬ ਵਿੱਚ ਪੈਰ ਧਰ ਕੇ ਦਿਖਾਵੇ।

ਇਨ੍ਹਾਂ ਦੋਵਾਂ ਬੀਬੀਆਂ ਨੇ ਬੀਬੀ ਤਿੰਨ ਦਸੰਬਰ ਨੂੰ ਕੰਗਣਾ ਰਣੌਤ ਦੀ ਘੇਰਾਬੰਦੀ ਕੀਤੀ ਤੇ ਉਸ ਨੂੰ ਸਿੱਧੇ ਸੁਆਲ ਕੀਤੇ ਸਨ। ਓਦੋਂ ਕੰਗਣਾ ਨੇ ਇਨ੍ਹਾਂ ਬੀਬੀਆਂ ਤੋਂ ਮੁਆਫੀ ਮੰਗੀ ਸੀ, ਪਰ ਪਿੱਛੋਂ ਆਖ ਦਿੱਤਾ ਕਿ ਉਸ ਨੇ ਕਿਸੇ ਤੋਂ ਕੋਈ ਮੁਆਫੀ ਨਹੀਂ ਮੰਗੀ ਅਤੇ ਨਾ ਉਸ ਨੂੰ ਮੁਆਫੀ ਮੰਗਣ ਲਈ ਕਿਹਾ ਗਿਆ ਸੀ। ਕੰਗਣਾ ਦੇ ਬਿਆਨ ਪਿੱਛੋਂ ਦੋਵਾਂ ਬੀਬੀਆਂ ਨੂੰ ਗੁੱਸਾ ਚੜ੍ਹ ਗਿਆ ਅਤੇ ਰੋਪੜ ਜ਼ਿਲ੍ਹੇ ਦੇ ਪਿੰਡ ਬੜਵਾ ਦੀਆਂ ਵਸਨੀਕਇਨ੍ਹਾਂ ਬੀਬੀਆਂ ਨੇ ਕੰਗਣਾ ਨੂੰ ਚੁਣੌਤੀ ਦੇ ਦਿੱਤੀ ਹੈ ਕਿ ਉਹ ਅਗਲੀ ਵਾਰ ਪੰਜਾਬ ਵੜ ਕੇ ਵਿਖਾਵੇ। ਵਰਨਣ ਯੋਗ ਹੈ ਕਿ ਇਨ੍ਹਾਂ ਹੀ ਬੀਬੀਆਂ ਨੇ ਗੁਪਤ ਅਪਰੇਸ਼ਨ ਚਲਾ ਕੇ ਪਿਛਲੀ ਵਾਰ ਕੰਗਣਾ ਨੂੰ ਘੇਰਿਆ ਸੀ। ਇਨ੍ਹਾਂ ਬੀਬੀਆਂ ਨੇ ਕਿਹਾ ਕਿ ਕੰਗਣਾ ਸਾਡੀ ਸ਼ਰਾਫਤ ਦਾ ਫਾਇਦਾ ਉਠਾ ਗਈ ਅਤੇ ਅਗਲੀ ਵਾਰੀ ਉਸ ਤੋਂ ਲਿਖਤੀ ਮੁਆਫੀ ਮੰਗਵਾਈ ਜਾਵੇਗੀ। ਉਹ ਕੰਗਣਾ ਦੇ ਘਿਰਾਓ ਲਈ ਮੁਹਾਲੀ ਹਵਾਈ ਅੱਡੇ ਤਕ ਵੀ ਜਾਣਗੀਆਂ। ਜਰਨੈਲ ਕੌਰ ਵਿਧਵਾ ਕਿਸਾਨ ਔਰਤ ਹੈ ਜਿਸ ਦਾ ਪਤੀ ਉਦੋਂ ਗੁਜ਼ਰ ਗਿਆ ਸੀ, ਜਦੋਂ ਉਸ ਦੇ ਬੱਚੇ ਛੋਟੇ ਸਨ। ਇਸ ਔਰਤ ਨੇ ਖੁਦ ਖੇਤੀ ਵਿੱਚ ਪਸੀਨਾ ਵਹਾਇਆ। ਉਸ ਦੀ ਇੱਕ ਲੜਕੀ ਦੀ ਮੌਤ ਹੋ ਚੁੱਕੀ ਹੈ ਅਤੇ ਇੱਕ ਲੜਕਾ ਹੈ, ਜੋ ਖੇਤੀ ਕਰਦਾ ਹੈ। ਜਰਨੈਲ ਕੌਰ ਨੇ ਕਿਹਾ ਕਿ ਮਰੇ-ਮੁੱਕਰੇ ਦਾ ਕੋਈ ਇਲਾਜ ਨਹੀਂ, ਪਰ ਕੰਗਣਾ ਇਹ ਚੇਤੇ ਰੱਖੇ ਕਿ ਉਹ ਪੰਜਾਬ ਵਿੱਚ ਆਉਣ ਦਾ ਸੁਫਨਾ ਵੀ ਨਾ ਲਵੇ। ਉਨ੍ਹਾਂ ਕਿਹਾ ਕਿ ਕੰਗਣਾ ਨੇ ਖੁਦ ਮੁਆਫੀ ਮੰਗ ਕੇ ਜੈਕਾਰਾ ਛੱਡਿਆ ਸੀ, ਬਾਅਦ ਵਿੱਚ ਮੁੱਕਰ ਗਈ ਤਾਂ ਐਤਕੀਂ ਕੰਗਣਾ ਨੂੰ ਮੁਆਫੀਨਾਮਾ ਲਿਖਤੀ ਦੇਣਾ ਪੈਣਾ ਹੈ।

ਬਲਵੀਰ ਕੌਰ ਦਾ ਕਹਿਣਾ ਸੀ ਕਿ ਜਦੋਂ ਕੰਗਣਾ ਘੇਰੀ ਸੀ ਤਾਂ ਕਹਿੰਦੀ ਸੀ ਕਿ 'ਤੁਸੀਂ ਮੇਰੀ ਮਾ ਵਰਗੀਆਂ ਹੋ।' ਉਨ੍ਹਾਂ ਤਿੰਨ ਦਸੰਬਰ ਨੂੰ ਕੰਗਣਾ ਨੂੰ ਪੇਸ਼ਕਸ਼ ਕੀਤੀ ਸੀ ਕਿ ਉਹ ਸਾਡੇ ਖੇਤਾਂ ਵਿੱਚ ਇੱਕ ਘੰਟਾ ਕੰਮ ਕਰ ਕੇ ਦਿਖਾਵੇ ਅਤੇ ਉਸ ਨੂੰ ਭਾੜੇ ਵਜੋਂ ਘੰਟੇ ਦੇ 2500 ਰੁਪਏ ਦਿੱਤੇ ਜਾਣਗੇ। ਬਲਵੀਰ ਕੌਰ ਨੇ ਕਿਹਾ: ਕੰਗਣਾ ਪੰਜਾਬ ਆ ਕੇ ਦਿਖਾਵੇ, ਉਹ ਜਨਤਕ ਤੌਰ ਉੱਤੇ ਲਿਖਤੀ ਮੁਆਫੀ ਮੰਗਵਾਉਣਗੀਆਂ।

# ਮੁੱਖ ਮੰਤਰੀ ਚੰਨੀ ਦੇ ਹੈਲੀਕਾਪਟਰ ਦੇ ਝੂਟੇ ਚਰਚਾ ਵਿੱਚ



ਚੰਡੀਗੜ੍ਹ, 6 ਦਸੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਲ ਇੰਡੀਆ ਕਾਂਗਰਸ ਕਮੇਟੀ ਦੀਆਂ ਮੀਟਿੰਗਾਂ ਵਿੱਚ ਸ਼ਮੂਲੀਅਤ ਤੇ ਰਾਹੁਲ ਗਾਂਧੀ ਦੇ ਬੁਲਾਇਆ ਦਿੱਲੀ ਜਾਣ ਲਈ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਕਰ ਸਕਦੇ ਹਨ ਅਤੇ ਕੀ ਮੁੱਖ ਮੰਤਰੀ ਆਪਣੀ ਧਾਰਮਿਕ ਆਸਥਾ ਅਨੁਸਾਰ ਪਰਵਾਰਕ ਮੈਂਬਰਾਂ ਜਾਂ ਪਾਰਟੀ ਦੇ ਦੂਜੇ ਆਗੂਆਂ ਨਾਲ ਮੱਠਾਂ ਤੇ ਧਾਰਮਿਕ ਅਸਥਾਨਾਂ ਉੱਤੇ ਜਿੱਤ ਦੇ ਯੱਗ ਕਰਵਾਉਣ ਜਾਣ ਲਈ ਸਰਕਾਰੀ ਹੈਲੀਕਾਪਟਰ ਜਾਂ ਜਹਾਜ਼ ਦੀ ਵਰਤੋਂ ਕਰ ਸਕਦੇ ਹਨ? ਇਸ ਤਰ੍ਹਾਂ ਕੀ ਆਪਣੇ ਇਲਾਕੇ ਕੁਰਾਲੀ ਦੇ ਬੱਚਿਆਂ ਨੂੰ ਖੁਸ਼ ਕਰਨ ਲਈ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਦੇ ਨਿਯਮ ਛਿੱਕੇ ਟੰਗ ਕੇ ਹੈਲੀਕਾਪਟਰ ਦੇ ਝੂਟੇ ਦਿਵਾਏ ਜਾ ਸਕਦੇ ਹਨ?

ਇਹ ਸਵਾਲ ਰਾਜ ਦੇ ਪ੍ਰਸ਼ਾਸਨਿਕਖੇਤਰਾਂ ਵਿੱਚ ਚਰਚਾ ਵਿੱਚ ਹਨ, ਕਿਉਂਕਿ ਹੈਲੀਕਾਪਟਰ ਦੀ ਵਰਤੋਂ ਦੀ ਹਰ ਮਹੀਨੇ ਕਰੋੜਾਂ ਦੀ ਅਦਾਇਗੀ ਲੋਕਾਂ ਵੱਲੋਂ ਦਿੱਤੇ ਟੈਕਸਾਂ ਦੇ ਪੈਸੇ ਨਾਲ ਹੁੰਦੀ ਹੈ ਅਤੇ ਨਿਯਮਾਂ ਅਨੁਸਾਰ ਸਰਕਾਰੀ ਜਹਾਜ਼ ਦੀ ਵਰਤੋਂ ਜਨਤਕ ਹਿੱਤਾਂ ਜਾਂ ਸਰਕਾਰੀ ਕੰਮ-ਕਾਜ ਲਈ ਹੋ ਸਕਦੀ ਹੈ। ਦਿਲਚਸਪ ਗੱਲ ਹੈ ਕਿ ਅਕਾਲੀ ਦਲ, ਕੈਪਟਨ ਅਮਰਿੰਦਰ ਸਿੰਘ ਜਾਂ ਭਾਜਪਾ ਸਮੇਤ ਸਭ ਸਿਆਸੀ ਧਿਰਾਂ ਸਰਕਾਰੀ ਸਾਧਨਾਂ ਦੀ ਅਜਿਹੀ ਦੁਰਵਰਤੋਂ ਸਬੰਧੀ ਬਿਲਕੁੱਲ ਖ਼ਾਮੋਸ਼ ਹਨ, ਕਿਉਂਕਿ ਸੱਤਾ ਵਿੱਚ ਰਹਿੰਦਿਆਂ ਉਨ੍ਹਾਂ ਵੀ ਇਹੋ ਕੁਝ ਕੀਤਾ ਹੈ। ਕਾਂਗਰਸ ਦੇ ਅੰਦਰੂਨੀ ਕਲੇਸ਼ ਕਾਰਨ ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਦਿੱਲੀ ਵਿੱਚ ਪਾਰਟੀ ਆਗੂ ਰਾਹੁਲ ਗਾਂਧੀ ਅਤੇ ਹਾਈ ਕਮਾਨ ਦੇ ਸੱਦਿਆਂ ਉੱਤੇ ਮੁਲਾਕਾਤਾਂ ਲਈ ਸਰਕਾਰੀ ਜਹਾਜ਼ ਦੀ ਟਾਂਗੇ ਵਾਂਗ ਵਰਤੋਂ ਕਰਦੇ ਰਹੇ। ਲੀਡਰਾਂ ਦੇ ਸਮਝੌਤੇ ਤੋਂ ਬਾਅਦ ਮੁੱਖ ਮੰਤਰੀ ਪਾਰਟੀ ਪ੍ਰਧਾਨ ਤੇ ਸੂਬੇ ਦੇ ਇੰਚਾਰਜ਼ਾਂ ਨੂੰ ਲੈ ਇੱਕ ਮੱਠ ਉੱਤੇ ਵੀ ਪੁੱਜੇ। ਇਸੇ ਤਰ੍ਹਾਂ ਰਿਪੋਰਟਾਂ ਅਨੁਸ-ਾਰ ਮੁੱਖ ਮੰਤਰੀ ਹਿਮਾਚਲ ਵਿੱਚ ਜਵਾਲਾ ਮੁੱਖੀ ਮੰਦਰ ਵਿਖੇ ਆਪਣੀ ਜਿੱਤ ਦੀਆਂ ਮੰਨਤਾਂ ਕਰਵਾਉਣ ਪਰਵਾਰ ਸਮੇਤ ਪੁੱਜੇ। ਪੰਜਾਬ ਤੇ ਕਈ ਡੇਰਿਆਂ ਤੇ ਸੰਤਾਂ ਬਾਬਿਆਂ ਵੱਲ ਮੁੱਖ ਮੰਤਰੀ ਦੀਆਂ ਫੇਰੀਆਂ ਵੀ ਚਰਚਾ ਵਿੱਚ ਹਨ।

ਸਭ ਤੋਂ ਦਿਲਚਸਪ ਘਟਨਾ ਮੁੱਖ ਮੰਤਰੀ ਵੱਲੋਂ ਆਪਣੇ ਇਲਾਕੇ ਦੇ ਬੱਚਿਆਂ ਨੂੰ ਹੈਲੀਕਾਪਟਰਦੇ ਝੂਟੇ ਦਿਵਾਉਣਾ ਸੀ। ਨਿਯਮਾਂ ਅਨੁਸਾਰ ਜਹਾਜ਼ ਜਾਂ ਹੈਲੀਕਾਪਟਰ ਵਿੱਚ ਓਨੇ ਮੁਸਾਫ਼ਰ ਬੈਠ ਸਕਦੇ ਹਨ, ਜਿੰਨੀਆਂ ਸੀਟਾਂ ਬੈਲਟਾਂ ਜਹਾਜ਼ ਵਿੱਚ ਹੋਣ।ਇਸ ਟਰਿਪ ਦੌਰਾਨ ਸੀਟ ਬੈਲਟਾਂ ਤੋਂ ਵੱਧ ਬੱਚੇ ਜਹਾਜ਼ ਵਿੱਚ ਬੈਠੇ ਸਨ। ਆਪਣੇ ਆਪ ਨੂੰ ਆਮ ਤੇ ਗ਼ਰੀਬ ਆਦਮੀ ਦੱਸਣ ਵਾਲੇ ਮੁੱਖ ਮੰਤਰੀ ਨੂੰ ਹੈਲੀਕਾਪਟਰ ਦੀ ਵਰਤੋਂ ਦਾ ਸ਼ੋਕ ਇਸ ਹੱਦ ਤਕ ਹੈ ਕਿ ਕਈ ਵਾਰ ਉਨ੍ਹਾਂ ਵੱਲੋਂ ਚੰਡੀਗੜ੍ਹ-ਖਰੜ ਦਰਮਿਆਨ ਅਤੇ ਚੰਡੀਗੜ੍ਹ-ਮੁਹਾਲੀ ਹਵਾਈ ਅੱਡੇ ਤਕ ਜਾਣ ਲਈ ਹੈਲੀਕਾਪਟਰ ਦੀ ਵਰਤੋਂ ਕੀਤੀ ਜਾਂਦੀ ਹੈ। ਲੋਕਾਂ ਤੋਂ ਟੈਕਸਾਂ ਰਾਹੀਂ ਮਿਲੇ ਪੈਸੇ ਦੀ ਇਹ ਦੁਰਵਰਤੋਂ ਭਾਵੇਂ ਪਹਿਲੀ ਵਾਰ ਨਹੀਂ ਹੋ ਰਹੀ, ਪਰ ਆਪਣੇ ਆਪ ਨੂੰ ਸੁਧਾਰਵਾਦੀ ਤੇ ਗ਼ਰੀਬਾਂ ਦਾ ਨੁਮਾਇੰਦਾ ਦੱਸਣ ਵਾਲੇ ਆਗੂ ਤੋਂ ਇਸ ਵਰਤਾਰੇ ਦੀ ਜਨਤਾ ਆਸ ਨਹੀਂ ਰੱਖਦੀ।

## ਅਟਾਰੀ ਸਰਹੱਦ ਉਤੇ ਬੱਚਾ ਜਨਮਿਆ, ਨਾਂਅ ਰੱਖਿਆ'ਬਾਰਡਰ'



ਅਟਾਰੀ, 6 ਦਸੰਬਰ (ਪੋਸਟ ਬਿਊਰੋ)- ਅਟਾਰੀ ਸਰਹੱਦ ਦੇ ਬਾਹਰ 72 ਦਿਨਾਂ ਤੋਂ ਬੇਘਰੇ ਬੈਠੇ 99 ਪਾਕਿਸਤਾਨੀ ਹਿੰਦੂ ਪਰਵਾਰ ਵਤਨ ਪਰਤਣਾ ਚਾਹੁੰਦੇ ਹਨ, ਪਰ ਹਾਲੇ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਇਹ ਪਾਕਿਸਤਾਨੀ ਹਿੰਦੂ ਨਾਗਰਿਕ ਅਟਾਰੀ ਸਰਹੱਦ ਦੇ ਬਾਹਰ ਆਪਣਾ ਰੈਣਬਸੇਰਾ ਬਣਾਈ ਬੈਠੇ ਹਨ, ਜਿਨ੍ਹਾਂ ਵਿੱਚ 48 ਬੱਚੇ ਵੀ ਹਨ। ਬੀਤੇ ਦਿਨ ਇਨ੍ਹਾਂ ਪਰਵਾਰਾਂ ਵਿੱਚ ਸ਼ਾਮਲ ਨਿੰਬੂ ਬਾਈ ਨਾਂਅ ਦੀ ਔਰਤ ਨੇ ਇੱਕ ਬੱਚੇ ਨੂੰ ਜਨਮ ਦਿੱਤਾ ਹੈ।

ਨਵਜੰਮੇ ਬੱਚੇ ਦੇ ਪਿਤਾ ਬਾਲਮ ਰਾਮ ਪਿੰਡ ਰਾਜਨਪੁਰ, ਜ਼ਿਲ੍ਹਾ ਰਹਿਮੀਆ, ਪੰਜਾਬ (ਪਾਕਿ-ਸਤਾਨ) ਨੇ ਦੱਸਿਆ ਕਿ ਉਸ ਦੇ ਘਰ ਦੋ ਦਸੰਬਰ ਨੂੰ ਇੱਕ ਲੜਕੇ ਨੇ ਜਨਮ ਲਿਆ ਹੈ। ਅਟਾਰੀ ਬਾਰਡਰ ਉੱਤੇ ਜਨਮੇ ਇਸ ਬੱਚੇ ਦਾ ਨਾਂਅ ਉਨ੍ਹਾਂ 'ਬਾਰਡਰ' ਰੱਖਿਆ ਹੈ। ਉਸ ਨੇ ਦੱਸਿਆ ਕਿ ਜਦੋਂ ਬੱਚਾ ਵੱਡਾ ਹੋਵੇਗਾ ਤਾਂ ਉਸ ਨੂੰ ਦੱਸਿਆ ਜਾਵੇਗਾ ਕਿ ਉਸ ਦਾ ਜਨਮ ਬਾਰਡਰ ਉੱਤੇ ਹੋਣ ਕਰ ਕੇ ਬਾਰਡਰ ਨਾਂਅ ਰੱਖਿਆ ਸੀ। ਪਾਕਿਸਤਾਨੀ ਸੂਬਾ ਸਿੰਧ ਤੇ ਪੰਜਾਬ ਦੇ ਇਹ ਹਿੰਦੂ ਯਾਤਰੀ 21 ਸਤੰਬਰ ਨੂੰ ਵਤਨ ਪਰਤਣ ਲਈ ਅਟਾਰੀ ਸਰਹੱਦ ਉੱਤੇ ਪਹੁੰਚੇ ਸਨ, ਪਰ ਪਾਕਿਸਤਾਨ ਜਾਣ ਲਈ ਆਗਿਆ ਤੇ ਜੋਧਪੁਰ (ਰਾਜਸਥਾਨ) ਤੋਂ ਪੁਲਸ ਕਲੀਅਰੈਂਸ ਸਰਟੀਫਿਕੇਟ ਨਾ ਹੋਣ ਕਾਰਨ ਇਨ੍ਹਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ ਸੀ। ਵਰਨਣ ਯੋਗ ਹੈ ਕਿ ਇਨ੍ਹਾਂ ਯਾਤਰੀਆਂ ਵਿੱਚ ਉਹ ਹਿੰਦੂ ਯਾਤਰੀ ਵੀ ਹਨ, ਜੋ 2017 ਵਿੱਚ ਹਰਿਦੁਆਰ ਵਿੱਚ ਤੀਰਥਾਂ ਦੇ ਦਰਸ਼ਨ ਕਰਨ ਲਈ ਪਰਵਾਰਾਂ ਸਮੇਤ ਭਾਰਤ ਆਏ ਸਨ ਤੇ ਕੁਝ ਲਾਕਡਾਊਨ ਲੱਗਣ ਤੋਂ ਪਹਿਲਾਂ ਆਏ ਸਨ, ਪਰ ਵਾਪਸ ਨਹੀਂ ਸਨ ਜਾ ਸਕੇ। ਇਹ ਪਾਕਿਸਤਾਨੀ ਯਾਤਰੀ ਅਟਾਰੀ ਆਉਣ ਤੋਂ ਪਹਿਲਾਂ ਜੋਧਪੁਰ, ਰਾਜਸਥਾਨ ਵਿੱਚ ਰਹਿ ਰਹੇ ਸਨ।


## ਜ਼ਹਿਰੀਲਾ ਸਾਗ ਖਾਣ ਨਾਲ ਮਾਂ-ਪਿਓ ਦੀ ਮੌਤ, ਪੁੱਤ ਦੀ ਹਾਲਤ ਗੰਭੀਰ



ਬਠਿੰਡਾ, 6 ਦਸੰਬਰ (ਪੋਸਟ ਬਿਊਰੋ)- ਜ਼ਿਲ੍ਹੇ ਦੇ ਪਿੰਡ ਚਰਨਾਰਥਲ ਵਿੱਚ ਕੱਲ੍ਹ ਰਾਤ ਸਰ੍ਹੋਂ ਦਾ ਸਾਗ ਖਾਣ ਨਾਲ ਇੱਕ ਪਤੀ-ਪਤਨੀ ਦੀ ਮੌਤ ਹੋ ਗਈ, ਜਦੋਂ ਉਨ੍ਹਾਂ ਦਾ ਪੁੱਤਰ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਮ੍ਰਿਤਕ ਜੋੜੇ ਦੀ ਪਛਾਣ 53 ਸਾਲਾ ਸੁਰਜੀਤ ਸਿੰਘ ਅਤੇ ਉਸ ਦੀ ਪਤਨੀ ਚਰਨਜੀਤ ਕੌਰ (51) ਵਜੋਂ ਹੋਈ ਹੈ।

ਸਿਵਲ ਹਸਪਤਾਲ ਪੁੱਜੇ ਮ੍ਰਿਤਕ ਜੋੜੇ ਦੇ ਰਿਸ਼ਤੇਦਾਰ ਲੀਲਾ ਸਿੰਘ ਖ਼ਾਲਸਾ ਨੇ ਦੱਸਿਆ ਕਿ ਕੱਲ੍ਹ ਰਾਤ ਚਰਨਜੀਤ ਅਤੇ ਉਸ ਦੇ ਲੜਕੇ ਹਰਪ੍ਰੀਤ ਨੇ ਸਾਗ ਨਾਲ ਰੋਟੀ ਖਾਧੀ ਸੀ। ਰੋਟੀ ਖਾਣ ਤੋਂ ਅੱਧਾ ਘੰਟਾ ਬਾਅਦ ਹੀ ਚਰਨਜੀਤ ਕੌਰ ਦੀ ਤਬੀਅਤ ਵਿਗੜਨ ਲੱਗ ਪਈ ਤੇ ਉਸ ਦੇ ਮੂੰਹ ਵਿੱਚੋਂ ਝੱਗ ਨਿਕਲਣ ਲੱਗੀ ਤਾਂ ਪਰਵਾਰ ਵਾਲੇ ਉਸ ਨੂੰ ਮੌੜ ਮੰਡੀ ਸਥਿਤ ਇੱਕ ਨਿੱਜੀ ਹਸਪਤਾਲ ਵਿੱਚ ਲੈ ਗਏ, ਜਿੱਥੇ ਕੁਝ ਚਿਰ ਬਾਅਦ ਹੀ ਚਰਨਜੀਤ ਨੇ ਦਮ ਤੋੜ ਦਿੱਤਾ। ਉਸ ਵਿਅਕਤੀ ਦੇ ਦੱਸਣ ਅਨੁਸਾਰ ਕੁਝ ਚਿਰ ਬਾਅਦ ਹਰਪ੍ਰੀਤ ਦੀ ਵੀ ਤਬੀਅਤ ਵਿਗੜ ਗਈ, ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤੇ ਪਿੰਡ ਵਾਲੇ ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਚਲੇ ਗਏ, ਜਿੱਥੇ ਉਹ ਹਾਲਤ ਨਾਜ਼ੁਕ ਹੋਣ ਕਾਰਨ ਵੈਂਟੀਲੇਟਰ ਉੱਤੇ ਹੈ। ਇਸੇ ਤਰ੍ਹਾਂ ਪੀੜਤ ਪਰਵਾਰ ਦੇ ਗੁਆਂਢੀ ਨੇ ਦੱਸਿਆ ਕਿ ਜਦ ਚਰਨਜੀਤ ਕੌਰ ਦੀ ਲਾਸ਼ ਘਰੇ ਲਿਆਂਦੀ ਗਈ ਤਾਂ ਉਸ ਦਾ ਪਤੀ ਸੁਰਜੀਤ ਕਾਫ਼ੀ ਗ਼ਮਗੀਨ ਹਾਲਤ ਵਿੱਚ ਬੈਠਾ ਸੀ ਤੇ ਉਸ ਨੇ ਰੋਟੀ ਨਹੀਂ ਖਾਧੀ ਸੀ। ਰਿਸ਼ਤੇਦਾਰਾਂ ਵੱਲੋਂ ਜ਼ੋਰ ਪਾਉਣ ਉੱਤੇ ਸੁਰਜੀਤ ਸਿੰਘ ਨੇ ਵੀ ਉਸੇ ਸਾਗ ਨਾਲ ਹੀ ਰੋਟੀ ਖਾ ਲਈ ਤੇ ਅੱਧੇ ਘੰਟੇ ਬਾਅਦ ਉਸ ਦੀ ਤਬੀਅਤ ਵੀ ਖ਼ਰਾਬ ਹੋ ਗਈ ਤੇ ਮੂੰਹ ਵਿੱਚੋਂ ਝੱਗ ਨਿਕਲਣ ਲੱਗ ਪਈ। ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਪੁਲਸ ਅਧਿਕਾਰੀ ਦਾ ਕਹਿਣਾ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਤੋਂ ਬਾਅਦ ਹੀ ਲੱਗੇਗਾ।

## 'ਸ਼ੀਸ਼ਾ' ਵਰਗੀਆਂ ਕਹਾਣੀਆਂ ਦੇ ਸਿਰਜਕ ਗੁਰਦੇਵ ਰੁਪਾਣਾ ਨਹੀਂ ਰਹੇ



ਸ੍ਰੀ ਮੁਕਤਸਰ ਸਾਹਿਬ, 6 ਦਸੰਬਰ (ਪੋਸਟ ਬਿਊਰੋ)- ਕਰੀਬ ਇੱਕ ਮਹੀਨੇ ਤੋਂ ਛਾਤੀ ਦੀ ਇਨਫੈਕਸ਼ਨ ਤੋਂ ਪੀੜਤ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਗੁਰਦੇਵ ਸਿੰਘ ਰੁਪਾਣਾ (85) ਦਾ ਦਿਹਾਂਤ ਹੋ ਗਿਆ ਹੈ। ਉਹ ਕਰੀਬ ਇੱਕ ਮਹੀਨਾ ਪਹਿਲਾਂ ਮੁਕਤਸਰ ਦੇ ਪ੍ਰਾਈਵੇਟ ਹਸਪਤਾਲ ਵਿੱਚ ਸਾਹ ਦੀ ਤਕਲੀਫ ਦੇ ਇਲਾਜ ਲਈ ਦਾਖਲ ਹੋਏ ਸਨ ਤੇ ਕਰੀਬ ਦੋ ਹਫਤਿਆਂ ਤੋਂ ਆਪਣੇ ਪਿੰਡ ਘਰ ਵਿੱਚ ਸਨ।

ਵਰਨਣ ਯੋਗ ਹੈ ਕਿ ਪੰਜਾਬੀ ਵਿੱਚ ਮਾਸਟਰ ਡਿਗਰੀ ਹਾਸਲ ਕਰਨ ਤੋਂ ਬਾਅਦ ਗੁਰਦੇਵ ਸਿੰਘ ਰੁਪਾਣਾ ਕੁਝ ਸਮਾਂ ਮੁਕਤਸਰ ਦੇ ਕਾਲਜ ਵਿੱਚ ਪੜ੍ਹਾਉਂਦੇ ਰਹੇ ਤੇ ਫਿਰ ਪੱਕੇ ਤੌਰ ਉੱਤੇ ਦਿੱਲੀ ਦੇ ਸਕੂਲ ਵਿੱਚ ਟੀਚਰ ਵਜੋਂ ਸੇਵਾਵਾਂ ਦਿੱਤੀਆਂ। ਇਸ ਦੌਰਾਨ ਦਿੱਲੀ ਦੇ ਸਾਹਿਤਕ ਹਲਕਿਆਂ ਵਿੱਚ ਉਹ ਛਾਏ ਰਹੇ। ਅੰਮ੍ਰਿਤਾ ਪ੍ਰੀਤਮ ਸਣੇ ਹੋਰ ਵੱਡੇ ਲੇਖਕਾਂ ਨਾਲ ਉਨ੍ਹਾਂ ਦੀ ਗੂੜ੍ਹੀ ਸਾਂਝ ਸੀ। ਉਨ੍ਹਾਂ ਦੀਆਂ ਕਹਾਣੀਆਂ ਦੀ ਪੁਸਤਕ 'ਇੱਕ ਟੋਟਾ ਔਰਤ' 1970 ਵਿੱਚ ਛਪੀ ਹੋਈ। ਉਸ ਤੋਂ ਬਾਅਦ 'ਡਿਫੈਂਸ ਲਾਈਨ', 'ਸ਼ੀਸ਼ਾ', 'ਰਾਂਝਾ ਵਾਰਿਸ ਹੋਇਆ'ਛਪੀਆਂ। ਇਸ ਤੋਂ ਬਿਨਾ ਚਾਰ ਨਾਵਲ-ਜਲਸੇ, ਆਸੋ ਦਾ ਟੱਬਰ, ਗੋਰੀ ਅਤੇ ਸ੍ਰੀ ਪਾਰਵਾ ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਪਾਏ। ਰੁਪਾਣਾ ਨੇ ਦਿੱਲੀ ਰਹਿੰਦਿਆਂ ਪੰਜਾਬ ਦੇ ਪਿੰਡਾਂ, ਪੰਜਾਬੀ ਸਭਿਆਚਾਰ ਤੇ ਸੁਭਾਅ ਨੂੰ ਚਿਤ-ਰਿਆ ਤੇ ਸੇਵਾਮੁਕਤੀ ਉਪਰੰਤ ਆਪਣੇ ਪਿੰਡ ਰੁਪਾਣਾ ਆ ਕੇ ਦਿੱਲੀ ਨੂੰ ਚਿਤਰਿਆ। ਉਨ੍ਹਾਂ ਦੀਆਂ ਕਈ ਪੁਸਤਕਾਂ ਤੇ ਕਹਾਣੀਆਂ ਦਾ ਅੰਗਰੇਜ਼ੀ, ਤੇਲਗੂ ਤੇ ਹਿੰਦੀ ਵਿੱਚ ਤਰਜ਼ਮਾ ਹੋ ਚੁੱਕਿਆ ਹੈ। ਉਨ੍ਹਾਂ ਨੂੰ ਕੈਨੇਡਾ ਦੇ 'ਢਾਹਾਂ ਸਨਮਾਨ', ਸਣੇ, ਪੰਜਾਬੀ ਅਕਾਦਮੀ ਦਿੱਲੀ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਤ ਕੀਤਾ ਗਿਆ ਸੀ। ਰੁਪਾਣਾ ਨੂੰ ਪੰਜਾਬ ਸਾਹਿਤ ਵਿੱਚ ਘੱਟ, ਪਰ ਸਾਰਥਕ ਲਿਖਣ ਵਾਲੇ ਲੇਖਕ ਵਜੋਂ ਜਾਣਿਆ ਜਾਂਦਾ ਹੈ। ਰੁਪਾਣਾ ਆਪਣੇ ਪਿੱਛੇ ਆਪਣੀ ਪਤਨੀ ਗੁਰਮੇਲ ਕੌਰ ਅਤੇ ਦੋ ਪੁੱਤਰ ਨੇਮਪਾਲ ਸਿੰਘ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਪਾਸ ਆਊਟ ਪ੍ਰੀਤਪਾਲ ਸਿੰਘ ਰੁਪਾਣਾ ਛੱਡ ਗਏ ਹਨ।

## ਲਾਪਤਾ ਬੱਚੀ ਦੀ ਲਾਸ਼ ਗੁਰਦੁਆਰੇ ਦੀ ਪਾਰਕਿੰਗ ਵਿੱਚੋਂ ਮਿਲੀ

ਸ੍ਰੀ ਗੋਇੰਦਵਾਲ ਸਾਹਿਬ, 6 ਦਸੰਬਰ (ਪੋਸਟ ਬਿਊਰੋ)- ਛੇ ਦਿਨਾਂ ਤੋਂ ਲਾਪਤਾ ਬੱਚੀ ਦੀ ਲਾਸ਼ ਕੱਲ੍ਹ ਗੁਰਦੁਆਰਾ ਬਾਉਲੀ ਸਾਹਿਬ ਦੀ ਹੱਦ ਵਿੱਚਲੀ ਪਾਰਕਿੰਗ ਵਿੱਚ ਦੱਬੀ ਮਿਲੀ ਹੈ।

ਜਾਣਕਾਰੀ ਅਨੁਸਾਰ 30 ਨਵੰਬਰ ਨੂੰ ਛੇ ਸਾਲਾ ਬੱਚੀ ਪਰਵੀਨ ਕੌਰ ਘਰੋਂ ਗੁਰਦੁਆਰਾ ਬਾਉਲੀ ਸਾਹਿਬ ਮੱਥਾ ਟੇਕਣ ਗਈ ਸੀ, ਪਰ ਵਾਪਸ ਨਹੀਂ ਆਈ। ਬੱਚੀ ਦੀ ਮਾਤਾ ਸੰਦੀਪ ਕੌਰ ਨੇ ਇਸ ਬਾਰੇ ਪੁਲਸ ਨੂੰ ਇਤਲਾਹ ਦਿੱਤੀ। ਕੱਲ੍ਹ ਛੇਵੇਂ ਦਿਨ ਬੱਚੀ ਦੀ ਲਾਸ਼ ਗੁਰਦੁਆਰੇ ਦੀ ਹਦੂਦ ਅੰਦਰ ਪਾਰਕਿੰਗ ਵਿੱਚ ਦੱਬੀ ਹੋਈ ਮਿਲੀ।ਗੁਰਦੁਆਰੇ ਦੇ ਮੈਨੇਜਰ ਭਗਵੰਤ ਸਿੰਘ ਨੇ ਕਿਹਾ ਕਿ ਬੱਚੀ ਦੀ ਲਾਸ਼ ਗੁਰਦੁਆਰੇ ਦੇ ਨਾਲ ਲੱਗਦੀ ਕੰਧ ਨਾਲ ਦੱਬੀ ਹੋਈ ਮਿਲੀ ਹੈ। ਡੀ ਐਸ ਪੀ ਪ੍ਰੀਤਇੰਦਰ ਸਿੰਘ ਨੇ ਕਿਹਾ ਕਿ ਬੱਚੀ ਦੀ ਲਾਸ਼ ਗੁਰਦੁਆਰੇ ਦੀ ਥੱਲੇ ਵਾਲੀ ਪਾਰਕਿੰਗ ਗਰਾਊਂਡ ਵਿੱਚੋਂ ਦੱਬੀ ਹੋਈ ਮਿਲੀ ਹੈ, ਜਿਸ ਸਬੰਧੀ ਕੇਸ ਦਰਜ ਕਰ ਲਿਆ ਗਿਆ ਹੈ।

## ਮਨਜਿੰਦਰ ਸਿੰਘ ਸਿਰਸਾ ਵੱਲੋਂ ਅਕਾਲੀ ਦਲ ਨੂੰ ਨਸੀਹਤ ਦੇਣਾ ਚਰਚਾ ਦਾ ਵਿਸ਼ਾ ਬਣਿਆ



ਲੁਧਿਆਣਾ, 6 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਤਿ ਨਜ਼ਦੀਕੀ ਅਤੇ ਦਿੱਲੀ ਗੁਰਦੁ-ਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਅਕਾਲੀ ਦਲ ਛੱਡ ਕੇ ਭਾਜਪਾ ਵਿੱਚ ਜਾਣ ਤੋਂ ਬਾਅਦ ਪਹਿਲੀ ਵਾਰ ਅਕਾਲੀ ਦਲ ਉੱਤੇ ਚੋਟ ਕਰਦਿਆਂ ਜੋ ਅਕਾਲੀ ਦਲ ਨੂੰ ਨਸੀਹਤਾਂ ਦਿੱਤੀਆਂ ਹਨ, ਉਸ ਤੋਂ ਲੱਗਦਾ ਹੈ ਅਕਾਲੀ ਦਲ ਵਿੱਚ ਰਹਿੰਦੇ ਹੋਏ ਉਨ੍ਹਾਂ ਦੀਆਂ ਨਸੀਹਤਾਂ ਉੱਤੇ ਅਕਾਲੀਆਂ ਨੇ ਅਮਲ ਨਹੀਂ ਕੀਤਾ, ਜਿਸ ਕਰ ਕੇ ਸਿਰਸਾ ਨੇ ਅਕਾਲੀ ਦਲ ਉੱਤੇ ਬਿਜਲੀ ਸੁੱਟਣ ਵਰਗੀ ਕਾਰਵਾਈ ਕੀਤੀ ਹੈ।

ਸਿਰਸਾ ਨੇ ਕਿਹਾ ਕਿ ਮੈਨੂੰ ਭਾਜਪਾ ਧੱਕੇ ਨਾਲ ਜਾਂ ਡਰਾ-ਧਮਕਾ ਕੇ ਨਹੀਂ ਲੈ ਗਈ, ਮੈਂ ਇੱਛਾ ਅਨੁਸਾਰ ਸ਼ਾਮਲ ਹੋਇਆ ਹਾਂ।ਜੇ ਭਾਜਪਾ ਧੱਕੇ ਨਾਲ ਲੈ ਕੇ ਜਾਣਾ ਚਾਹੁੰਦੀ ਤਾਂ ਉਹ ਦਿੱਲੀ ਦੀ ਕਮੇਟੀ ਵੀ ਲਿਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਪਹਿਲਾਂ ਵੀ ਟਕਸਾਲੀ ਆਗੂ ਛੱਡ ਕੇ ਜਾ ਚੁੱਕੇ ਹਨ, ਜਿਨ੍ਹਾਂ ਨੇ ਬੇਅਦਬੀ, ਨਸ਼ਾ, ਇੱਕ ਪਰਵਾਰ ਉੱਤੇ ਕੇਂਦਰਤ ਅਕਾਲੀ ਦਲ ਅਤੇ ਹੋਰ ਕਈ ਦੋਸ਼ ਲਾਏ ਹਨ, ਪਰ ਮੈਂ ਦੋਸ਼ ਨਹੀਂ ਲਾ ਕੇ ਗਿਆ।ਉਨ੍ਹਾਂ ਨਾਲ ਹੀ ਕਿਹਾ ਕਿ ਅਕਾਲੀ ਦਲ ਹੁਣ ਮਸਲੇ ਹੱਲ ਕਰਾਉਣ ਦੇ ਸਮਰੱਥ ਨਹੀਂ, ਇਸ ਲਈ ਮੈਂ ਵੱਡੀ ਪਾਰਟੀ ਵਿੱਚ ਜਾ ਕੇ ਸਿੱਖ ਮਸਲੇ ਹੱਲ ਕਰਨ ਲਈ ਇਹ ਉਡਾਰੀ ਮਾਰੀ ਹੈ। ਸਿਰਸਾ ਦੀ ਇਸ ਨਸੀਹਤ ਨੂੰ ਲੈ ਕੇ ਵਿਆਹਾਂ-ਸ਼ਾਦੀਆਂ ਅਤੇ ਭੋਗਾਂ-ਸੋਗਾਂ ਉੱਤੇ ਹਰ ਜ਼ੁਬਾਨ ਉੱਤੇ ਚਰਚਾਵਾਂ ਲਗਾਤਾਰ ਹੋ ਰਹੀਆਂ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਦੁਲਹਨ ਗੋਲੀਕਾਂਡ ਵਿਚ ਅੱਠ ਘੰਟੇ ਚੱਲਿਆ ਤਨਿਸ਼ਕਾ ਦਾ ਅਪਰੇਸ਼ਨ, 7 ਗੋਲੀਆਂ ’ਤੇ ਸਰਜਰੀ ਦੌਰਾਨ ਵੀ ਹੋਸ਼ ਕਾਇਮ



ਰੋਹਤਕ, 6 ਦਸੰਬਰ (ਪੋਸਟ ਬਿਊਰੋ)- ਪੀ ਜੀ ਆਈ ਐਮ ਐਸ ਰੋਹਤਕ ਦੇ ਸਰਜਰੀ ਵਿਭਾਗ ਦੇ ਡਾਕਟਰ ਪਰਮੇਲ ਕੁਮਾਰ ਨੇ ਦੱਸਿਆ ਕਿ ਮੈਂ ਸਰਜਰੀ ਵਿਭਾਗ ਵਿੱਚ ਰਜਿਸਟਰਾਰ ਸਰਜਨ ਹਾਂ, ਮੈਂ ਦੇਖਿਆ ਹੈ ਕਿ ਫੌਜ ਵਿੱਚ ਵੀ ਫੌਜੀਆਂ ਨੂੰ ਇੱਕ-ਦੋ ਗੋਲੀ ਲੱਗਣ ਤਾਂ ਉਹ ਵੀ ਇੰਨੀ ਹਿੰਮਤ ਘੱਟ ਦਿਖਾਉਂਦੇ ਹਨ, ਜਿੰਨੀ 19 ਸਾਲ ਦੀ ਤਨਿਸ਼ਕਾ ਨੇ ਦਿਖਾਈ ਹੈ। ਇਹ ਮੇਰੇ ਜੀਵਨ ਦਾ ਪਹਿਲਾ ਅਜਿਹਾ ਕੇਸ ਹੈ, ਜਿਸ ਵਿੱਚ ਇੱਕ ਲੜਕੀ ਇੰਨੀ ਹਿੰਮਤ ਵਾਲੀ ਹੈ ਕਿ ਸਰੀਰ ਵਿੱਚ ਸੱਤ ਗੋਲੀਆਂ ਲੱਗਣ ਪਿੱਛੋਂ ਵੀ ਅੱਠ ਘੰਟੇ ਤਕ ਸਰਜਰੀ ਵਿੱਚ ਪੂਰਾ ਸਹਿਯੋਗ ਕਰਦੀ ਰਹੀ, ਕਿਉਂਕਿ ਸਰਜਰੀ ਦੌਰਾਨ ਮਰੀਜ਼ ਨੂੰ ਹੋਸ਼ ਵਿੱਚ ਰੱਖਣਾ ਜ਼ਰੂਰੀ ਸੀ। ਇਸ ਦੇ ਲਈ ਅਸੀਂ ਉਸ ਨਾਲ ਗੱਲ ਕਰਦੇ ਰਹੇ, ਤਾਂ ਕਿ ਉਹ ਹੋਸ਼ ਵਿੱਚ ਰਹਿ ਸਕੇ। ਤਨਿਸ਼ਕਾ ਸੱਤ ਗੋਲੀਆਂ ਲੱਗਣ ਦੇ ਬਾਅਦ ਵੀ ਸਾਡੇ ਨਾਲ ਗੱਲ ਕਰਦੀ ਰਹੀ। ਅਜਿਹੇ ਵਿੱਚ ਕਰੀਬ ਚਾਰ ਲੀਟਰ ਫਲੂਡ ਤੇ ਡਰੱਗਸ ਦਿੱਤੀ ਅਤੇ ਬੀ ਪੀ ਲੈਵਲ ਸੁਧਰਣ ਉੱਤੇ ਹੀ ਸਰਜਰੀ ਕੀਤੀ ਜਾ ਸਕੀ।

ਸਰਜਰੀ ਦੇ ਬਾਅਦ ਤੋਂ ਤਨਿਸ਼ਕਾ ਅਜੇ ਬੋਲਣ ਦੀ ਹਾਲਤ ਵਿੱਚ ਨਹੀਂ। ਸਰੀਰ ਵਿੱਚ ਜ਼ਖਮ ਤੇ ਦਰਦ ਨੂੰ ਸਹਿਣ ਕਰਦੇ ਹੋਏ ਉਸ ਨੇ ਦੱਸਿਆ ਕਿ ਕਿਵੇਂ ਉਸ ਨੂੰ ਬਦਮਾਸ਼ਾਂ ਨੇ ਕਾਫੀ ਪ੍ਰੇਸ਼ਾਨ ਕੀਤਾ ਹੋਇਆ ਸੀ। ਪੀ ਜੀ ਆਈ ਐਮ ਐਸ ਦੇ ਆਪਰੇਸ਼ਨ ਥੀਏਟਰ ਵਿੱਚ ਰਾਤ ਸਵਾ 12 ਵਜੇ ਤਨਿਸ਼ਕਾ ਭਰਤੀ ਹੋਈ ਸੀ। ਇਥੇ ਜਦ ਤਨਿਸ਼ਕਾ ਆਈ ਤਾਂ ਕਾਫੀ ਨਾਜ਼ੁਕ ਹਾਲਤ ਵਿੱਚ ਸੀ। ਪੇਟ ਦੀ ਥੈਲੀ ਵਿੱਚ ਅੱਗਿਓਂ ਅਤੇ ਪਿੱਛਿਓਂ ਇੱਕ ਗੋਲੀ ਨਿਕਲੀ ਹੋਈ ਹੈ। ਲੀਵਰ ਦਾ ਕਾਫੀ ਹਿੱਸਾ ਡੈਮੇਜ ਮਿਲਿਆ। ਹਾਰਟ ਦੇ ਨੇੜੇ ਡਾਇਫਰਾਮ ਵਿੱਚ ਤਿੰਨ ਛੇਕ ਮਿਲੇ। ਇੱਕ ਗੋਲੀ ਲੈਫਟ ਕਿਡਨੀ ਵਿੱਚ ਲੱਗੀ ਹੈ, ਉਥੇ ਖੂਨ ਦਾ ਗੋਲਾ ਬਣਿਆ ਹੈ। ਇੱਥੋਂ ਬਲੀਡਿੰਗ ਹੋ ਰਹੀ ਸੀ। ਇਸ ਨੂੰ ਸਰਜਰੀ ਕਰਕੇ ਰੋਕਿਆ ਗਿਆ। ਲੰਗਸ ਵਿੱਚ ਵੀ ਇੰਜਰੀ ਮਿਲੀ ਹੈ। ਸਰਜਰੀ ਦੇ ਬਾਅਦ ਸਿਟੀ ਸਕੈਨ ਕਰਵਾਉਣ ਉੱਤੇ ਪਤਾ ਲੱਗਾ ਕਿ ਸਾਹ ਤੇ ਖਾਣ ਵਾਲੀ ਨਾੜੀ ਦੇ ਨੇੜੇ ਵੀ ਇੱਕ ਗੋਲੀ ਲੱਗੀ ਹੈ।

## ਕਿਸਾਨ ਅੰਦੋਲਨ ਦੇ ਇੱਕ ਸਾਲ ਦਾ ਹਿਸਾਬ: 6.35 ਕਰੋੜ ਰੁਪਏ ਚੰਦਾ ਮਿਲਿਆ, 5.39 ਕਰੋੜ ਖਰਚ, 96 ਲੱਖ ਰੁਪਏ ਬੱਚਤ



ਸੋਨੀਪਤ, 6 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖਿਲਾਫ ਚੱਲਦੇ ਸੰਘਰਸ਼ ਦੌਰਾਨ ਕੁੰਡਲੀ-ਬਾਰਡਰ ਉੱਤੇ ਬੀਤੇ ਦਿਨ ਸੰਯੁਕਤ ਕਿਸਾਨ ਮੋਰਚੇ ਨੇ ਅੰਦੋਲਨ ਦੇ ਇੱਕ ਸਾਲ ਦਾ ਲੇਖਾ-ਜੋਖਾ ਪੇਸ਼ ਕੀਤਾ ਹੈ।

ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਨੇਤਾ ਰਵਿੰਦਰ ਸਿੰਘ ਨੇ ਦੱਸਿਆ ਕਿ 29 ਨਵੰਬਰ 2021 ਤਕ ਮੋਰਚੇ ਨੂੰ ਦੇਸ਼-ਵਿਦੇਸ਼ ਤੋਂ ਛੇ ਕਰੋੜ 35 ਲੱਖ 83 ਹਜ਼ਾਰ 940 ਰੁਪਏ ਚੰਦਾ ਮਿਲਿਆ। ਸਭ ਤੋਂ ਵੱਧ ਚੰਦਾ ਐਨ ਆਰ ਆਈਜ਼ ਨੇ ਦਿੱਤਾ। ਪੰਜ ਕਰੋੜ 39 ਲੱਖ 83 ਹਜ਼ਾਰ 940 ਰੁਪਏ ਖਰਚ ਹੋਏ ਅਤੇ 96 ਲੱਖ ਬਚੇ ਹਨ। ਸਭ ਤੋਂ ਵੱਧ 81.47 ਲੱਖ ਰੁਪਏ ਸਟੇਜ, ਲਾਈਟ ਐਂਡ ਸਾਊਂਡ ਉੱਤੇ ਖਰਚ ਹੋਏ। ਪਾਣੀ ਉੱਤੇ 17.95 ਲੱਖ ਖਰਚ ਹੋਏ। ਉਨ੍ਹਾਂ ਕਿਹਾ ਕਿ ਅੰਦੋਲਨ ਜਲਦੀ ਖਤਮ ਨਾ ਹੋਇਆ ਤਾਂ ਹੋਰ ਪੈਸਿਆਂ ਦੀ ਲੋੜ ਪਵੇਗੀ।

ਇਸ ਦੌਰਾਨ ਡਾਕਟਰੀ ਉੱਤੇ 68,57,772 ਰੁਪਏ ਖਰਚ ਹੋਏ, ਪਾਣੀ ਉੱਤੇ 17,95,426 ਰੁਪਏ, ਤ੍ਰਿਪਾਲ, ਕੈਮਰੇ, ਵਾਕੀ-ਟਾਕੀ ਆਦਿ ਉੱਤੇ 38,37,307 ਰੁਪਏ, ਸਫਾਈ ਉੱਤੇ 32,80,450 ਰੁਪਏ, ਲੰਗਰਾਂ ਦੇ ਟੈਂਟ ਉੱਤੇ 51,00,000 ਰੁਪਏ, ਵਾਟਰ ਪਰੂਫ ਟੈਂਟ ਦੇ 19,28,000 ਰੁਪਏ, ਟਿਕਰੀ-ਕੁੰਡਲੀ ਬਾਰਡਰ ਉੱਤੇ 45,00,000 ਰੁਪਏ ਦਾ ਖਰਚ। ਆਈ ਟੀ ਸੈਲ ਉੱਤੇ 36,82,000 ਰੁਪਏ ਤੇ ਸਟੇਜ, ਲਾਈਟ, ਸਾਊਂਡ ਉੱਤੇ 81,47,000 ਰੁਪਏ ਖਰਚ ਹੋਏ ਹਨ। ਮੋਰਚੇ ਦੇ ਨੇਤਾ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਸਰਕਾਰ ਤੋਂ ਕਮੇਟੀ ਨੂੰ ਕੀ ਭਰੋਸਾ ਮਿਲਦਾ ਹੈ, ਇਸੇ ਤੋਂ ਅੰਦੋਲਨ ਦਾ ਭਵਿੱਖ ਤੈਅ ਹੋਵੇਗਾ।

## ਇੰਡੋਨੇਸ਼ੀਆ ਵਿੱਚ ਜਵਾਲਾਮੁਖੀ ਫਟਣ ਕਾਰਨ ਮੌਤਾਂ ਦੀ ਗਿਣਤੀ 14 ਹੋਈ





ਲੁਮਾਜਾਂਗ (ਇੰਡੋਨੇਸ਼ੀਆ), 6 ਦਸੰਬਰ (ਪੋਸਟ ਬਿਊਰੋ)- ਇੰਡੋਨੇਸ਼ੀਆ ਦੀ ਸੰਘਣੀ ਆਬਾਦੀ ਵਾਲੇ ਦੀਪ ਜਾਵਾ ਵਿੱਚ ਜਵਾਲਾਮੁਖੀ ਫਟਣ ਦੀ ਘਟਨਾ ਵਿੱਚ ਮੌਤਾਂ ਦੀ ਗਿਣਤੀ ਵਧ ਕੇ 14 ਹੋ ਗਈ ਹੈ ਅਤੇ ਨੌਂ ਅਜੇ ਲਾਪਤਾ ਹਨ।

ਅਧਿਕਾਰੀਆਂ ਨੇ ਕੱਲ੍ਹ ਏਥੇ ਦੱਸਿਆ ਕਿ ਸੁਲਗਦੇ ਹੋਏ ਮਲਬੇ ਕਰ ਕੇ ਲਾਪਤਾ ਲੋਕਾਂ ਦੀ ਭਾਲ ਕਰਨ ਵਿੱਚ ਔਖ ਹੋ ਰਹੀ ਹੈ। ਪੂਰਬੀ ਜਾਵਾ ਪ੍ਰਾਂਤ ਦੇ ਲੁਮਾਜਾਂਗ ਜ਼ਿਲ੍ਹੇ ਵਿੱਚ ਸੈਮੇਰੂ ਪਹਾੜ ’ਚ ਜਵਾਲਾਮੁਖੀ ਫਟਣ ਉਤੇ ਅਸਮਾਨ ਵਿੱਚ (12,000 ਮੀਟਰ) 40,000 ਫੁੱਟ ਦੀ ਉਚਾਈ ਉਤੇ ਸੁਆਹ ਦੀ ਮੋਟੀ ਪਰਤ ਵਿੱਛ ਗਈ ਅਤੇ ਗੈਸ ਤੇ ਲਾਵਾ ਵਗਦਾ ਹੋਇਆ ਹੇਠਲੀਆਂ ਥਾਵਾਂ ਤਕ ਜਾ ਪੁੱਜਾ। ਇਸ ਘਟਨਾ ਨਾਲ ਕਈ ਪਿੰਡ ਪ੍ਰਭਾਵਤ ਹੋਏ ਹਨ।ਜਿਓਲੋਜੀਕਲ ਸਰਵੇਖਣ ਕੇਂਦਰ ਦੇ ਮਖੀ ਈ ਕੋ ਬੁਡੀ ਲੈਲੋਨੋ ਨੇ ਦੱਸਿਆ ਕਿ ਤੂਫਾਨ ਤੇ ਕਈ ਦਿਨਾਂ ਤਕ ਮੀਂਹ ਪੈਣ ਕਾਰਨ 3676 ਮੀਟਰ ਦੀ ਉਚਾਈ ਉਤੇ ਪੈਂਦੇ ਸੈਮੇਰੂ ਪਹਾੜ ਉਤੇ ਜਵਾਲਾਮੁਖੀ ਫਟਿਆ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਦੋ ਵਾਰ ਗੈਸ ਤੇ ਲਾਵਾ ਵਗ ਕੇ 800 ਮੀਟਰ (2624 ਫੁੱਟ) ਦੂਰ ਨਦੀ ਤਕ ਪਹੁੰਚ ਗਿਆ। ਏਜੰਸੀ ਨੇ ਕਿਹਾ ਕਿ ਲੋਕਾਂ ਨੂੰ ਘਟਨਾ ਸਥਾਨ ਤੋਂ ਘੱਟੋ-ਘੱਟ ਪੰਜ ਕਿਲੋਮੀਟਰ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਲੁਮਾਜਾਂਗ ਦੇ ਜ਼ਿਲ੍ਹਾ ਮੁਖੀ ਟੀ ਹੱਕ ਨੇ ਕਿਹਾ, ‘‘ਸੁਆਹ ਦੀ ਸੰਘਣੀ ਪਰਤ ਕਾਰਨ ਕਈ ਪਿੰਡਾਂ ਵਿੱਚ ਹਨੇਰਾ ਛਾ ਗਿਆ।

## ਨਵੀਨਤਾ ਤੇ ਸਹਿਯੋਗੀਆਂ ਨਾਲ ਮਿਲ ਕੇ ਅਮਰੀਕਾ ਚੀਨ ਨਾਲ ਲੜੇਗਾ: ਆਸਟਿਨ

ਵਾਸ਼ਿੰਗਟਨ, 6 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਕਿਹਾ ਹੈ ਕਿ ਪੈਂਟਾਗਨ ਉਚ ਤਕਨੀਕੀ ਪ੍ਰਣਾਲੀਆਂ ਨੂੰ ਵਿਕਸਤ ਕਰਨ ਲਈ ਨਿੱਜੀ ਉਦਯੋਗਾਂ ਨਾਲ ਮਿਲ ਕੇ ਬਿਹਤਰ ਕੰਮ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਚੀਨ ਉਤੇ ਮੁਕਾਬਲੇਬਾਜ਼ੀ ਵਾਲੀ ਬੜ੍ਹਤ ਬਣਾਈ ਰੱਖਣ ਲਈ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਹਿਯੋਗੀਆਂ ਨਾਲ ਸੰਬੰਧ ਮਜ਼ਬੂਤ ਕਰਨਾ ਚਾਹੁੰਦਾ ਹੈ। ਰੱਖਿਆ ਮੰਤਰੀ ਨੇ ਕੈਲੀਫੋਰਨੀਆ ਵਿੱਚ ਰੀਗਨ ਨੈਸ਼ਨਲ ਡਿਫੈਂਸ ਫੋਰਮ ਨੂੰ ਦੱਸਿਆ ਕਿ ਚੀਨ ਦੀਆਂ ਫ਼ੌਜੀ ਗਤੀਵਿਧੀਆਂ ਅਤੇ ਖੇਤਰ ਵਿੱਚ ਹਮਲਵਾਰੀ ਕਦਮ, ਖਾਸ ਕਰਕੇ ਜੋ ਸਵੈ-ਸ਼ਾਸਨ ਵਾਲੇ ਤਾਈਵਾਨ ਦੇ ਨੇੜ ਹਨ, ਉਹ ਪ੍ਰੇਸ਼ਾਨ ਕਰਨ ਵਾਲੇ ਹਨ। ਇਸ ਮੌਕੇ ਆਸਟਿਨ ਨੇ ਕਿਹਾ ਕਿ ਅਮਰੀਕਾ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ‘ਇੱਕ ਚੀਨ’ ਨੀਤੀ ਦੇ ਪ੍ਰਤੀ ਵਚਨਬੱਧ ਹੈ ਅਤੇ ਇਸ ਦੇ ਨਾਲ ਤਾਈਵਾਨ ਨੂੰ ਆਪਣੀ ਰੱਖਿਆ ਕਰਨ ਦੇ ਸਮਰੱਥ ਬਣਾਉਣਾ ਚਾਹੁੰਦਾ ਹੈ। ਆਸਟਿਨ ਨੇ ਕਿਹਾ ਕਿ ਅਸੀਂ ਚੀਨ ਵੱਲੋਂ ਪੇਸ਼ ਕੀਤੀ ਚੁਣੌਤੀ ਨੂੰ ਸਾਫ਼ ਦੇਖ ਸਕਦੇ ਹਾਂ ਪਰ ਚੀਨ ਦਾ ਕੱਦ ਵੱਡਾ ਨਹੀਂ, ਕੱਦ ਅਮਰੀਕਾ ਦਾ ਵੱਡਾ ਹੈ।ਅਮਰੀਕਾ ਅਜਿਹਾ ਦੇਸ਼ ਨਹੀਂ ਹੈ ਜੋ ਮੁਕਾਬਲੇ ਤੋਂ ਡਰਦਾ ਹੋਵੇ। ਅਸੀਂ ਵਿਸ਼ਵਾਸ ਅਤੇ ਦ੍ਰਿੜ ਇਰਾਦੇ ਨਾਲ ਇਸ ਨੂੰ ਪਛਾੜਾਂਗੇ।

## ਸੂਈ ਤੋਂ ਬਚਣ ਲਈ ਨਕਲੀ ਹੱਥ ਲਾ ਕੇ ਵੈਕਸੀਨ ਲਵਾਉਣ ਜਾ ਪੁੱਜਾ

ਰੋਮ, 6 ਦਸੰਬਰ (ਪੋਸਟ ਬਿਊਰੋ)- ਸਾਲ 2021 ਦੇ ਆਖਰੀ ਮਹੀਨੇ ਵਿੱਚ ਕੋਰੋਨਾ ਦੇ ਘੱਟ ਹੁੰਦੇ ਕੇਸਾਂ ਤੋਂ ਲੋਕਾਂ ਨੇ ਸੁੱਖ ਦਾ ਸਾਹ ਲਿਆ ਸੀ ਕਿ ਨਵੇਂ ਵੈਰੀਐਂਟ ਓਮੀਕਰੋਨ ਨੇ ਸਾਰਿਆਂ ਦੀ ਨੀਂਦ ਉਡਾ ਦਿੱਤੀ ਹੈ। ਅਜਿਹੇ ਵਿੱਚ ਹਰ ਦੇਸ਼ ਵਿੱਚ ਕੋਰੋਨਾ ਵੈਕਸੀਨ ਲਗਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ।

ਇਸ ਦੌਰਾਨ ਵੈਕਸੀਨੇਸ਼ਨ ਬਾਰੇ ਇੱਕ ਅਜੀਬ ਖਬਰ ਸਾਹਮਣੇ ਆਈ ਹੈ। ਇਕ ਵਿਅਕਤੀ ਇੰਜੈਕਸ਼ਨ ਫੋਬੀਆ ਕਾਰਨ ਨਕਲੀ ਹੱਥ ਲਾ ਕੇ ਵੈਕਸੀਨ ਲਵਾਉਣ ਹਸਪਤਾਲ ਪਹੁੰਚ ਗਿਆ, ਪਰ ਉਸ ਦੀ ਚਲਾਕੀ ਕੰਮ ਨਹੀਂ ਆਈ ਅਤੇ ਉਹ ਫੜਿਆ ਗਿਆ। ਹੈਰਾਨੀ ਵਾਲਾ ਇਹ ਮਾਮਲਾ ਇਟਲੀ ਦਾ ਹੈ। ਇੰਜੈਕਸ਼ਨ ਫੋਬੀਆ ਦੇ ਕਾਰਨ ਪੰਜਾਹ ਸਾਲਾ ਇਹ ਵਿਅਕਤੀ ਵੈਕਸੀਨ ਨਹੀਂ ਲਵਾਉਣਾ ਚਾਹੁੰਦਾ ਸੀ, ਪਰ ਜਦ ਉਸ ਨੂੰ ਵੈਕਸੀਨੇਸ਼ਨ ਸਰਟੀਫਿਕੇਟ ਦੀ ਜ਼ਰੂਰਤ ਪਈ, ਤਦ ਉਸ ਨੇ ਸੂਈ ਲਵਾਉਣ ਤੋਂ ਬਚਣ ਲਈ ਅਜਿਹੀ ਤਰਕੀਬ ਅਪਣਾਈ ਜਿਸ ਨੂੰ ਦੇਖ ਕੇ ਮੈਡੀਕਲ ਸਟਾਫ ਵੀ ਸੋਚਾਂ ਵਿੱਚ ਪੈ ਗਿਆ। ਕਿਸੇ ਨੇ ਅੰਦਾਜ਼ਾ ਵੀ ਨਹੀਂ ਲਾਇਆ ਸੀ ਕਿ ਕੋਈ ਵਿਅਕਤੀ ਵੈਕਸੀਨੇਸ਼ਨ ਤੋਂ ਬਚਣ ਲਈ ਨਕਲੀ ਹੱਥ ਲਾ ਕੇ ਆ ਸਕਦਾ ਹੈ। ਹਾਲਾਂਕਿ, ਕੁਝ ਹੀ ਦੇਰ ਵਿੱਚ ਇਸ ਵਿਅਕਤੀ ਦੀ ਚਲਾਕੀ ਦਾ ਪਰਦਾਫਾਸ਼ ਹੋ ਗਿਆ।

## ਭਾਰਤੀ ਅਰਥ ਵਿਵਸਥਾ ਅਜੇ ਵੀ 2019 ਦੇ ਪੱਧਰ ਤੋਂ ਹੇਠਾਂ

ਅਹਿਮਦਾਬਾਦ, 6 ਦਸੰਬਰ (ਪੋਸਟ ਬਿਊਰੋ)- ਨੋਬਲ ਇਨਾਮ ਨਾਲ ਸਨਮਾਨਤ ਅਰਥਸ਼ਾਸਤਰੀ ਅਭਿਜੀਤ ਬੈਨਰਜੀ ਨੇ ਕਿਹਾ ਹੈ ਕਿ ਭਾਰਤ ਦੇ ਲੋਕ ‘ਕਾਫ਼ੀ ਮੁਸ਼ਕਲਾਂ' ਝੱਲ ਰਹੇ ਹਨ ਅਤੇ ਦੇਸ਼ ਦੀ ਅਰਥ ਵਿਵਸਥਾ ਅਜੇ 2019 ਦੇ ਪੱਧਰ ਤੋਂ ਹੇਠਾਂ ਹੈ। ਬੈਨਰਜੀ ਨੇ ਕੱਲ੍ਹ ਰਾਤ ਅਹਿਮਦਾਬਾਦ ਯੂਨੀਵਰਸਿਟੀ ਦੇ 11ਵੇਂ ਡਿਗਰੀ ਵੰਡ ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਅਮਰੀਕਾ ਤੋਂ ਵਰਚੁਅਲ ਤਰੀਕੇ ਨਾਲ ਸੰਬੋਧਨ ਕਰਦੇ ਹੋਏ ਕਿਹਾ ਕਿ ਅਰਥ ਵਿਵਸਥਾ ਦੀ ਇਸ ਸਥਿਤੀ ਨਾਲ ਲੋਕਾਂ ਦੀਆਂ ਛੋਟੀਆਂ ਇੱਛਾਵਾਂ ਹੋਰ ਛੋਟੀਆਂ ਹੁੰਦੀਆਂ ਜਾਂਦੀਆਂ ਹਨ। ਬੈਨਰਜੀ ਨੇ ਵਿਦਿਆਰਥੀਆਂ ਨਾਲ ਆਪਣੀ ਪਿੱਛੇ ਜਿਹੇ ਕੀਤੀ ਗਈ ਪੱਛਮੀ ਬੰਗਾਲ ਯਾਤਰਾ ਦੇ ਤਜ਼ਰਬਿਆਂ ਨੂੰ ਸਾਂਝਾ ਕਰਦੇ ਹੋਏ ਇਹ ਗੱਲ ਕਹੀ ਹੈ।

ਅਭਿਜੀਤ ਬੈਨਰਜੀ ਨੇ ਕਿਹਾ,‘ਤੁਸੀਂ (ਵਿਦਿਆਰਥੀ) ਅਜਿਹੇ ਸਥਾਨ ਉੱਤੇ ਹੋ, ਜਿੱਥੇ ਤੁਸੀਂ ਰਿਟਰਨ ਕਰ ਸਕਦੇ ਹੋ। ਸਮਾਜ ਨੂੰ ਇਸ ਦੀ ਜ਼ਰੂਰਤ ਹੈ। ਅਸੀਂ ਭਾਰਤ ਵਿੱਚ ਕਾਫ਼ੀ ਪ੍ਰੇਸ਼ਾਨੀ ਦੀ ਸਥਿਤੀ ਵਿੱਚ ਹਾਂ। ਬੈਨਰਜੀ ਨੇ ਕਿਹਾ, ‘ਮੈਂ ਕਾਫ਼ੀ ਘੱਟ ਸਮੇਂ ਲਈ ਪੱਛਮੀ ਬੰਗਾਲ ਦੇ ਦਿਹਾਤੀ ਇਲਾਕੇ ਵਿੱਚ ਰਿਹਾ। ਸਾਰੀਆਂ ਇੱਛਾਵਾਂ ਟੁੱਟ ਚੁੱਕੀਆਂ ਹਨ। ਛੋਟੀਆਂ ਇੱਛਾਵਾਂ ਜਾਂ ਉਮੀਦਾਂ ਹੋਰ ਛੋਟੀਆਂ ਹੋ ਗਈਆਂ ਹਨ।" ਉਨ੍ਹਾਂ ਨੇ ਕਿਹਾ,‘‘ਦੇਸ਼ ਦੀ ਅਰਥ ਵਿਵਸਥਾ ਅਜੇ ਵੀ 2019 ਦੇ ਪੱਧਰ ਤੋਂ ਹੇਠਾਂ ਹੈ। ਅਸੀਂ ਇਹ ਨਹੀਂ ਜਾਣਦੇ ਕਿ ਕਿੰਨੀ ਹੇਠਾਂ ਹੈ, ਪਰ ਇਹ ਕਾਫ਼ੀ ਹੇਠਲੇ ਪੱਧਰ ਉੱਤੇ ਹੈ। ਮੈਂ ਇਸਦੇ ਲਈ ਕਿਸੇ ਨੂੰ ਦੋਸ਼ ਨਹੀਂ ਦੇ ਰਿਹਾ, ਸਿਰਫ਼ ਆਪਣੀ ਗੱਲ ਕਹਿ ਰਿਹਾ ਹਾਂ।"ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਕਰੀਅਰ ਦੀ ਚੋਣ ਕਰਦੇ ਸਮੇਂ ਪਰਵਾਰ ਅਤੇ ਸਮਾਜ ਦੇ ਦਬਾਅ ਵਿੱਚ ਨਾ ਆਉਣ।

ਬੈਨਰਜੀ ਨੇ ਦੱਸਿਆ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਪੜ੍ਹਾਈ ਦੌਰਾਨ ਉਨ੍ਹਾਂ ਨੂੰ ਵਿਦਿਆਰਥੀ ਅੰਦੋਲਨ ਕਾਰਨ 10 ਦਿਨ ਤਿਹਾੜ ਜੇਲ੍ਹ ਵਿੱਚ ਰਹਿਣਾ ਪਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਹ ਤਿਹਾੜ ਜੇਲ੍ਹ ਤੋਂ ਬਾਹਰ ਆਏ, ਤਾਂ ਵੱਡੇ-ਬਜ਼ੁਰਗਾਂ ਨੇ ਕਿਹਾ ਕਿ ਉਨ੍ਹਾਂ ਦਾ ਕਰੀਅਰ ਚੌਪਟ ਹੋ ਜਾਵੇਗਾ। ਹਾਰਵਰਡ ਯੂਨੀਵਰਸਿਟੀ ਜਾਂ ਅਮਰੀਕਾ ਉਨ੍ਹਾਂ ਨੂੰ ਆਪਣੇ ਇੱਥੇ ਨਹੀਂ ਆਉਣ ਦੇਣਗੇ।

## ਚੀਨ ’ਚ 5300 ਸਾਲ ਪੁਰਾਣਾ ਰਹੱਸਮਈ ਸ਼ਹਿਰ ਮਿਲਿਆ, ਅਚਾਨਕ ਛੱਡ ਕੇ ਲੋਕ ਚਲੇ ਗਏ



ਬੀਜਿੰਗ, 6 ਦਸੰਬਰ (ਪੋਸਟ ਬਿਊਰੋ)- ਖੋਜੀਆਂ ਦੀ ਇੱਕ ਅੰਤਰਰਾਸ਼ਟਰੀ ਟੀਮ ਵੱਲੋਂ ਕੀਤੀ ਇੱਕ ਤਾਜ਼ਾ ਖੋਜ ਨੇ ਇੱਕ ਪ੍ਰਾਚੀਨ ਸ਼ਹਿਰ ਦੀ ਖੋਜ ਕੀਤੀ ਹੈ, ਜੋ ਗੁਮਨਾਮ ਹੋ ਗਿਆ ਸੀ। ਆਖਰ 5300 ਸਾਲ ਪਹਿਲਾਂ ਬਣੇ ਸ਼ਹਿਰ ਦੀ ਆਬਾਦੀ ਅਚਾਨਕ ਕਿਵੇਂ ਗਾਇਬ ਹੋ ਗਈ? ਇਸ ਦੇ ਕਾਰਨ ਜਾਣ ਕੇ ਖੋਜਕਾਰ ਹੈਰਾਨ ਹੋ ਗਏ ਹਨ।

ਖੋਜਕਾਰ ਦੱਸਦੇ ਹਨ ਕਿ ਚੀਨ ਦੇ ਲਿਆਂਗਝੂ ਸ਼ਹਿਰ ਦੇ ਖੰਡਰ ਦਿਖਾਉਂਦੇ ਹਨ ਕਿ ਇੱਕ ਸਮਾਜ ਵਜੋਂ ਉਸ ਸਮੇਂ ਸਭਿਅਤਾ ਬੇਹੱਦ ਉਨਤ ਸੀ, ਖਾਸ ਕਰ ਕੇ ਖੇਤੀ ਅਤੇ ਪਾਣੀ ਦੀ ਵਿਵਸਥਾ। ਉਨ੍ਹਾਂ ਨੇ ਬਿਹਤਰੀਨ ਭਵਨ ਨਿਰਮਾਣ ਕਲਾ ਅਤੇ ਪ੍ਰਣਾਲੀਆਂ ਦਾ ਨਿਰਮਾਣ ਕੀਤਾ ਸੀ। ਇਸ ਵਿੱਚ ਨਹਿਰਾਂ, ਬੰਨ੍ਹ ਅਤੇ ਤਲਾਬਾਂ ਵਰਗੀਆਂ ਚੀਜ਼ਾਂ ਸ਼ਾਮਲ ਸਨ, ਜਿਸ ਕਾਰਨ ਲਿਆਂਗਝੂ ਨੂੰ ‘ਪੂਰਬ ਦਾ ਵੈਨਿਸ’ ਕਿਹਾ ਜਾਂਦਾ ਸੀ, ਪ੍ਰੰਤੂ ਇਹ ਸਭ ਕਿਵੇਂ ਗਾਇਬ ਹੋ ਗਿਆ? ਬਹੁਤੇ ਖੋਜਕਾਰ ਇਸ ਦੇ ਪਿੱਛੇ ਕਿਸੇ ਤਰ੍ਹਾਂ ਦੇ ਹੜ੍ਹ ਨੂੰ ਕਾਰਨ ਮੰਨਦੇ ਹਨ। ਆਸਟਰੀਆ ਵਿੱਚ ਯੂਨੀਵਰਸਿਟੀ ਆਫ ਇੰਸਬਰੁਕ ਦੇ ਭੂ-ਵਿਗਿਆਨੀ ਕ੍ਰਿਸਟੋਫ ਸਪਾਟਲ ਨੇ ਦੱਸਿਆ ਕਿ ਸੁਰੱਖਿਅਤ ਖੰਡਰਾਂ ਉਤੇ ਮਿੱਟੀ ਦੀ ਇੱਕ ਪਤਲੀ ਪਰਤ ਪਾਈ ਗਈ, ਜੋ ਪ੍ਰਾਚੀਨ ਸਭਿਅਤਾ ਦੇ ਅੰਤ ਅਤੇ ਯਾਂਗਤਜੀ ਨਦੀ ਜਾਂ ਪੂਰਬੀ ਚੀਨ ਸਾਗਰ ਦੇ ਹੜ੍ਹ ਵੱਲ ਇਸ਼ਾਰਾ ਕਰਦੀ ਹੈ। ਮਿੱਟੀ ਦੀ ਪਰਤ ਨਾਲ ਕੋਈ ਠੋਸ ਨਤੀਜਾ ਕੱਢਣਾ ਸੰਭਵ ਨਹੀਂ, ਪਰ ਨਵੀਂ ਖੋਜ ਨੇ ਇਸ ਗੁੱਥੀ ਨੂੰ ਬਹੁਤ ਹੱਦ ਤਕ ਸੁਲਝਾ ਦਿੱਤਾ ਹੈ। ਯੂਨੀਵਰਸਿਟੀ ਆਫ ਚਾਈਨਾ ਦੇ ਹੈਵੇਈ ਝਾਂਗ ਦੀ ਅਗਵਾਈ ਵਿੱਚ ਪ੍ਰੋਫੈਸਰ ਸਪਾਟਲ ਅਤੇ ਖੋਜਕਾਰਾਂ ਦੀ ਟੀਮ ਨੇ ਹੋਰ ਜ਼ਿਆਦਾ ਡੂੰਘਾਈ ਤਕ ਖੁਦਾਈ ਕੀਤੀ। ਉਨ੍ਹਾਂ ਨੇ ਇਸ ਖੇਤਰ ਵਿੱਚ ਪਾਣੀ ਦੇ ਹੇਠਾਂ ਦੋ ਗੁਫਾਵਾਂ ਤੋਂ ਖਣਿਜ ਢਾਂਚਿਆਂ ਦੀ ਜਾਂਚ ਕੀਤੀ, ਜਿੱਥੇ ਹਜ਼ਾਰਾਂ ਸਾਲ ਪੁਰਾਣੀਆਂ ਜਲਵਾਯੂ ਹਾਲਾਤਾਂ ਅਤੇ ਰਸਾਇਣ ਸੁਰੱਖਿਅਤ ਹਨ।

## ਸੈਮੀਕੰਡਕਟਰ ਦੀ ਕਮੀ ਕਾਰਨ ਕਾਰਾਂ ਦੀ ਮੰਗ ਉਤੇ ਉਲਟਾ ਅਸਰ




ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਮਾਰੂਤੀ ਸੁਜ਼ੁਕੀ ਦਾ ਮੰਨਣਾ ਹੈ ਕਿ ਸੈਮੀਕੰਡਕਟਰ ਦੀ ਕਮੀ ਕਾਰਨ ਕਾਰਾਂ ਦੀ ਡਲਿਵਰੀ ਤੈਅ ਸਮੇਂ ਉੱਤੇ ਨਹੀਂ ਹੋ ਰਹੀ। ਕੰਪਨੀ ਨੇ ਸ਼ੱਕ ਪ੍ਰਗਟਾਇਆ ਹੈ ਕਿ ਜੇ ਇਹੀ ਹਾਲ ਰਿਹਾ ਤਾਂ ਕਾਰਾਂ ਦੀ ਮੰਗ ਉੱਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਇਸ ਦੇ ਨਾਲ ਹੀ ਕੰਪਨੀ ਨੇ ਕਿਹਾ ਹੈ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਚਿਪ ਦੀ ਸਪਲਾਈ ਹੌਲੀ-ਹੌਲੀ ਸੁਧਰ ਰਹੀ ਹੈ। ਕੰਪਨੀ ਦੇ ਕੋਲ ਮੌਜੂਦਾ ਸਮੇਂ ਵਿੱਚ ਲਗਭਗ 2.5 ਲੱਖ ਇਕਾਈਆਂ ਦਾ ਆਰਡਰ ਪੈਂਡਿੰਗ ਹੈ। ਨਾਲ ਹੀ ਬਾਜ਼ਾਰ ਵਿੱਚ ਮੰਗ ਵੀ ਲਗਾਤਾਰ ਬਣੀ ਹੋਈ ਹੈ। ਨਵੰਬਰ ਵਿੱਚ ਕੰਪਨੀ ਦਾ ਉਤਪਾਦਨ ਆਮ ਦੇ ਮੁਕਾਬਲੇ ਅੱਸੀ ਫੀਸਦੀ ਤੋਂ ਵੱਧ ਰਿਹਾ ਹੈ।

ਸੀਨੀਅਰ ਕਾਰਜਕਾਰੀ ਡਾਇਰੈਕਟਰ (ਮਾਰਕੀਟਿੰਗ ਅਤੇ ਵਿਕਰੀ) ਸ਼ਸ਼ਾਂਕ ਸ੍ਰੀਵਾਸਤਵ ਨੇ ਕਿਹਾ, ‘ਬੁਕਿੰਗ ਤੋਂ ਪਤਾ ਲੱਗਦਾ ਹੈ ਕਿ ਮੰਗ ਕਾਫੀ ਮਜ਼ਬੂਤ ਹੈ, ਪਰ ਇਸ ਦੀ ਸਪਲਾਈ ਇੱਕ ਮੁੱਦਾ ਹੈ ਅਤੇ ਵੇਟਿੰਗ ਟਾਈਮ ਵਧ ਗਿਆ ਹੈ। ਸਾਨੂੰ ਸ਼ੱਕ ਹੈ ਕਿ ਲੰਬੀ ਉਡੀਕ ਦੇ ਕਾਰਨ ਮੰਗ ਦਾ ਰੁਖ਼ ਪ੍ਰਭਾਵਤ ਹੋ ਸਕਦਾ ਹੈ ਤੇ ਇਸ ਦਾ ਮਾੜਾ ਅਸਰ ਪੈ ਸਕਦਾ ਹੈ।" ਸ੍ਰੀਵਾਸਤਵ ਨੇ ਕਿਹਾ, ਮਾਰੂਤੀ ਦੀ ਬੁਕਿੰਗ ਰੱਦ ਨਹੀਂ ਹੋ ਰਹੀ, ਕਿਉਂਕਿ ਕੰਪਨੀ ਗਾਹਕਾਂ ਨਾਲ ਲਗਾਤਾਰ ਗੱਲ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਸਥਿਤੀ ਤੋਂ ਜਾਣੂ ਕਰਾਇਆ ਜਾ ਰਿਹਾ ਹੈ।ਉਤਪਾਦਨ ਲਾਗਤ ਵਿੱਚ ਵਾਧੇ ਕਾਰਨ ਟਾਟਾ ਮੋਟਰਜ਼, ਹੋਂਡਾ ਅਤੇ ਰੈਨੋ ਵਰਗੀਆਂ ਵਾਹਨ ਕੰਪਨੀਆਂ ਨਵੇਂ ਸਾਲ ਯਾਨੀ ਜਨਵਰੀ ਤੋਂ ਆਪਣੇ ਵਾਹਨਾਂ ਦੀਆਂ ਕੀਮਤਾਂ ਵਧਾਉਣ ਉੱਤੇ ਵਿਚਾਰ ਕਰ ਰਹੀਆਂ ਹਨ। ਵੱਕਾਰੀ ਕੰਪਨੀ ਮਾਰੂਤੀ ਸੁਜ਼ੁਕੀ ਅਤੇ ਲਗਜ਼ਰੀ ਕਾਰ ਕੰਪਨੀ ਆਡੀ ਅਤੇ ਮਰਸੀਡੀਜ਼-ਬੇਂਜ ਅਗਲੇ ਮਹੀਨੇ ਤੋਂ ਵਾਹਨਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਐਲਾਨ ਪਹਿਲਾਂ ਹੀ ਕਰ ਚੁੱਕੀਆਂ ਹਨ।

### ਪੱਛਮੀ ਦੇਸ਼ਾਂ ਵੱਲੋਂ ਚੌਕਸੀ :

## ਤਾਲਿਬਾਨ ਸਰਕਾਰੀ ਮੁਲਾਜ਼ਮਾਂ ਨੂੰ ਬਿਨਾਂ ਸੁਣਵਾਈ ਤੋਂ ਮਾਰੀ ਜਾਂਦੇ ਨੇ



ਕਾਬੁਲ, 6 ਦਸੰਬਰ (ਪੋਸਟ ਬਿਊਰੋ)- ਪੱਛਮੀ ਦੇਸ਼ਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰ ਕੇ ਚੌਕਸ ਕੀਤਾ ਹੈ ਕਿ ਮੁਆਫੀ ਦਾ ਢੌਂਗ ਰੱਚ ਕੇ ਤਾਲਿਬਾਨ ਸਰਕਾਰੀ ਮੁਲਾਜ਼ਮਾਂ ਨੂੰ ਬਿਨਾਂ ਸੁਣਵਾਈ ਤੋਂ ਮੌਤ ਦੀ ਸਜ਼ਾ ਦੇ ਰਿਹਾ ਹੈ।

ਅਮਰੀਕਾ ਅਤੇ ਪੱਛਮੀ ਦੇਸ਼ਾਂ ਨੇ ਤਾਲਿਬਾਨ ਉੱਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਦਾ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਬਿਨਾਂ ਸੁਣਵਾਈ ਤੋਂ ਕੈਦੀਆਂ ਨੂੰ ਮੌਤ ਦੀ ਸਜ਼ਾ ਦੇਣ ਅਤੇ ਅਫਗਾਨ ਸੁਰੱਖਿਆ ਫੋਰਸਾਂ ਦੇ ਸਾਬਕਾ ਮੈਂਬਰਾਂ ਦੇ ਜਬਰੀ ਲਾਪਤਾ ਹੋਣ ਵਰਗੇ ਕੇਸ ਗੰਭੀਰ ਜੁਰਮ ਹਨ। ਇਨ੍ਹਾਂ ਦੇਸ਼ਾਂ ਨੇ ਕਿਹਾ ਕਿ ਅਸੀਂ ਤਾਲਿਬਾਨ ਨੂੰ ਅਫ਼ਗਾਨ ਸੁਰੱਖਿਆ ਫੋਰਸਾਂ ਦੇ ਸਾਬਕਾ ਮੈਂਬਰਾਂ ਅਤੇ ਸਾਬਕਾ ਸਰਕਾਰੀ ਅਧਿਕਾਰੀਆਂ ਲਈ ਮੁਆਫੀ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਦਾ ਸੱਦਾ ਦਿੰਦੇ ਹਾਂ। ਇਹ ਸਭ ਅਹੁਦਿਆਂ ਲਈ ਬਰਾਬਰ ਚਾਹੀਦਾ ਹੈ। 15 ਅਗਸਤ ਨੂੰ ਕਾਬੁਲ ਉਤੇ ਤਾਲਿਬਾਨੀ ਕਬਜ਼ੇ ਪਿੱਛੋਂ ਆਤਮ ਸਮਰਪਣ ਕਰਨ ਵਾਲੇ ਸਰਕਾਰੀ ਮੁਲਾਜ਼ਮਾਂ ਦੇ ਕਤਲ ਅਤੇ ਲਾਪਤਾ ਕਰਨ ਦੇ ਕੇਸਾਂ ਵਿੱਚ ਪੱਛਮੀ ਦੇਸ਼ਾਂ ਨੇ ਨਿਰਪੱਖ ਅਤੇ ਜਲਦੀ ਜਾਂਚ ਦੀ ਮੰਗ ਕੀਤੀ ਹੈ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲੇ ਤੇ ਇਸ ਐਕਸ਼ਨ ਨੂੰ ਜਨਤਕ ਕੀਤਾ ਜਾਏ। ਇੰਝ ਹੋਣ ਨਾਲ ਇਸ ਤਰ੍ਹਾਂ ਦੇ ਕਤਲਾਂ ਅਤੇ ਅਧਿਕਾਰੀਆਂ ਦੇ ਲਾਪਤਾ ਹੋਣ ਦੇ ਮਾਮਲੇ ਸਾਹਮਣੇ ਆ ਜਾਣਗੇ।ਤਾਲਿਬਾਨ ਵਿਰੁੱਧ ਸਾਂਝੇ ਬਿਆਨ ਉਤੇ ਦਸਤਖਤ ਕਰਨ ਵਾਲੇ ਦੇਸ਼ਾਂ ਵਿੱਚ ਅਮਰੀਕਾ, ਆਸਟ੍ਰੇਲੀਆ, ਬੈਲਜੀਅਮ, ਬੁਲਗਾਰੀਆ, ਕੈਨੇਡਾ, ਡੈਨਮਾਰਕ, ਯੂਰਪੀਨ ਯੂਨੀਅਨ, ਫਿਨਲੈਂਡ, ਫਰਾਂਸ, ਜਾਪਾਨ, ਨੀਦਰਲੈਂਡ, ਨਿਊਜ਼ੀਲੈਂਡ, ਪੋਲੈਂਡ, ਪੁਰਤਗਾਲ, ਰੋਮਾਨੀਆ, ਸਪੇਨ, ਸਵੀਡਨ, ਸਵਿਟਜ਼ਰਲੈਂਡ, ਬਰਤਾਨੀਆ ਅਤੇ ਯੂਕ੍ਰੇਨ ਸ਼ਾਮਲ ਹਨ।

## ਤਾਲਾਬੰਦੀ ਤੋਂ ਪਹਿਲਾਂ ਦੀਆਂ ਰਿਹਾਇਸ਼ੀ ਅਰਜ਼ੀਆਂ ਉਤੇ ਕੰਮ ਸ਼ੁਰੂ

ਆਕਲੈਂਡ, 6 ਦਸੰਬਰ (ਪੋਸਟ ਬਿਊਰੋ)- ਇਮੀਗ੍ਰੇਸ਼ਨ ਬਾਰੇ ਨਿਊਜ਼ੀਲੈਂਡ ਨੂੰ ਇੱਕ ਅਦਾਲਤੀ ਦਖ਼ਲਤੋਂ ਬਾਅਦ ਉਨ੍ਹਾਂ ਰੈਜ਼ੀਡੈਂਸ ਵਾਲੀਆਂ ਸਾਰੀਆਂ ਅਰਜ਼ੀਆਂ ਉਤੇ ਕਾਰਵਾਈ ਕਰਨੀ ਪੈ ਗਈ ਹੈ ਜਿਹੜੀਆਂ ਅਰਜ਼ੀਆਂ ਪਿਛਲੇ ਸਾਲ ਕੋਰੋਨਾ ਲਾਕਡਾਊਨ ਤੋਂ ਪਹਿਲਾਂ ਦਾਖ਼ਲ ਹੋ ਗਈਆਂ ਸਨ। ਇਮੀਗ੍ਰੇਸ਼ਨ ਨੇ ਲਾਕਡਾਊਨ ਦੇ ਕਾਰਨ ਉਸ ਉਤੇ ਕੰਮ ਨਹੀਂ ਕੀਤਾਸੀ। ਇਮੀਗ੍ਰੇਸ਼ਨ ਨੇ ਇਨ੍ਹਾਂ ਅਰਜ਼ੀਆਂ ਉਤੇ ਕਾਰਵਾਈ ਆਰੰਭ ਵੀ ਕਰ ਦਿੱਤੀ ਹੈ, ਜਿਸ ਦਾ ਭਾਵ ਹੈ ਕਿ ਰੈਜ਼ੀਡੈਂਸ ਵੀਜ਼ਾ ਲੈਣ ਪਿੱਛੋਂਜਦੋਂ ਵੀ ਨਿਊਜ਼ੀਲੈਂਡ ਸਰਹੱਦ ਖੁਲ੍ਹੀ ਤਾਂ ਉਹ ‘2021 ਰੈਜ਼ੀਡੈਂਸ ਵੀਜ਼ਾ’ ਮਿਲਣ ਵਾਲਿਆਂ ਵਾਂਗ ਇੱਥੇ ਆ ਸਕਣਗੇ, ਚਾਹੇ ਉਹ ਆਫ਼ਸ਼ੋਰ ਵਾਲੇ ਵੀ ਕਿਉਂ ਨਾ ਹੋਣ।

ਇਹ ਅਰਜ਼ੀਆਂ ਜਿਵੇਂ-ਜਿਵੇਂ ਪ੍ਰਾਪਤ ਹੋਈਆਂ ਹਨ, ਉਸੇ ਵਾਰੀ ਅਨੁਸਾਰ ਕਾਰਵਾਈ ਲਈ ਚੁਣੀਆਂ ਜਾਣਗੀਆਂ। ਲੱਗਭਗ 2300 ਅਰਜ਼ੀਆਂ ਅਜਿਹੀਆਂ ਹਨ, ਜਿਨ੍ਹਾਂ ਉਤੇ ਇਮੀਗ੍ਰੇਸ਼ਨ ਆਪਣਾ ਫ਼ੈਸਲਾ ਦੇਵੇਗੀ। ਇਸ ਤੋਂ ਬਿਨਾ 4000 ਦੇ ਕਰੀਬ ਉਹ ਅਰਜ਼ੀਆਂ ਹਨ, ਜਿਨ੍ਹਾਂ ਦਾ ਕੋਰੋਨਾ ਲਾਕਡਾਊਨ ਤੋਂ ਪਹਿਲਾਂ ਰੈਜ਼ੀਡੈਂਸ ਵੀਜ਼ਾ ਲੱਗ ਚੁੱਕਾ ਸੀ, ਪਰ ਕੋਰੋਨਾ ਤਾਲਾਬੰਦੀ ਅਤੇ ਸਰਹੱਦਾਂ ਬੰਦ ਹੋਣ ਕਰ ਕੇ ਆ ਨਹੀਂ ਸਕੇ। ਇਸ ਉਤੇ ਵੀ ਹਾਈ ਕੋਰਟ ਨੇ ਆਪਣਾ ਪ੍ਰਤੀਕਰਮ ਦਿੱਤਾ ਹੈ। ਇਹ ਲੋਕ ਵੀ ਇੱਥੇ ਬਾਰਡਰ ਖੁੱਲ੍ਹਦੇ ਸਾਰ ਆ ਸਕਣਗੇ। ਇਸ ਵੇਲੇ ਉਹ ਪੱਕੇ ਜਾਂ ਨਾਗਰਿਕ ਲੋਕ ਹੀ ਆ ਸਕਦੇ ਹਨ, ਜਿਨ੍ਹਾਂ ਕੋਲ ਪ੍ਰਬੰਧਕੀ ਇਕਾਂਤਵਾਸ ਦਾ ਪ੍ਰਬੰਧ ਹੋਵੇ।

## ਪ੍ਰਿਅੰਕਾ ਚਤੁਰਵੇਦੀ ਨੇ ਪਾਰਲੀਮੈਂਟ ਟੀ ਵੀ ਐਂਕਰ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਦੀ ਪਾਰਲੀਮੈਂਟਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਪਾਰਲੀਮੈਂਟਦੇ ਮਾਨਸੂਨ ਸੈਸ਼ਨ ਦੌਰਾਨ 11 ਹੋਰਾਂ ਨਾਲ ਰਾਜ ਸਭਾ ਤੋਂ ਸਸਪੈਂਡ ਕੀਤੇ ਜਾਣ ਪਿੱਛੋਂਪਾਰਲੀਮੈਂਟਟੀ ਵੀ ਸ਼ੋਅ ਦੇ ਐਂਕਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਇਸ ਦਾ ਕਾਰਨ ਦੱਸਦੇ ਹੋਏ ਰਾਜ ਸਭਾ ਦੇ ਚੇਅਰਮੈਨ ਵੈਂਕਈਆ ਨਾਇਡੂ ਨੂੰ ਪੱਤਰ ਲਿਖਿਆ ਤੇ ਇਸ ਵਿੱਚਕਿਹਾ, ‘ਬਹੁਤ ਦੁੱਖ ਨਾਲ ਕਿਹਾ ਜਾ ਰਿਹਾ ਹੈ ਕਿ ਮੈਂ ਪਾਰਲੀਮੈਂਟ ਟੀ ਵੀ ਸ਼ੋਅ ‘ਮੇਰੀ ਕਹਾਨੀ’ ਦੀ ਐਂਕਰ ਦਾ ਅਹੁਦਾ ਛੱਡ ਰਹੀ ਹਾਂ। ਮੈਂ ਅਜਿਹੀ ਥਾਂ ਉੱਤੇ ਕੋਈ ਵੀ ਅਹੁਦਾ ਸੰਭਾਲਣ ਲਈ ਤਿਆਰ ਨਹੀਂ ਹਾਂ ਜਿੱਥੇ ਮੇਰਾ ਮੁੱਢਲਾ ਅਧਿਕਾਰ ਖੋਹਿਆ ਜਾ ਰਿਹਾ ਹੋਵੇ। ਸਾਡੇ 12 ਪਾਰਲੀਮੈਂਟ ਮੈਂਬਰ ਮਨਮਰਜ਼ੀ ਨਾਲ ਸਸਪੈਂਡ ਕੀਤੇ ਜਾਣ ਕਾਰਨ ਇਹ ਹੋਇਆ ਹੈ। ਇਸ ਲਈ ਮੈਂ ਇਸ ਸ਼ੋਅ ਦੇ ਜਿੰਨਾ ਨੇੜੇ ਸੀ, ਮੈਨੂੰ ਉਨ੍ਹਾਂ ਦੂਰ ਜਾਣਾ ਪਿਆ।"

ਪ੍ਰਿਅੰਕਾ ਨੇ ਅੱਗੇ ਲਿਖਿਆ ਕਿ ਇਸ ਸਸਪੈਂਸ਼ਨ ਨਾਲ ਮੇਰਾ ਐਮ ਪੀ ਰਿਕਾਰਡ ਵੀ ਖ਼ਰਾਬ ਹੋਇਆ ਹੈ ਅਤੇ ਮੈਨੂੰ ਲਗਦਾ ਹੈ ਕਿ ਬੇਇਨਸਾਫ਼ੀ ਹੋਈ ਹੈ, ਪਰ ਜੇ ਇਹ ਚੇਅਰਮੈਨ ਦੀਆਂ ਨਜ਼ਰਾਂ ਵਿੱਚ ਜਾਇਜ਼ ਹੈ ਤਾਂ ਮੈਨੂੰ ਸਤਿਕਾਰ ਕਰਨਾ ਪਵੇਗਾ। ਵਰਨਣ ਯੋਗ ਹੈ ਕਿ ਅਗਸਤ ਵਿੱਚਪਾਰਲੀਮੈਂਟਦੇ ਪਿਛਲੇ ਮੌਨਸੂਨ ਸੈਸ਼ਨ ਵਿੱਚ ਹੰਗਾਮਾ ਕਰਨ ਤੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਲਈ ਵਿਰੋਧੀ ਧਿਰ ਦੇ 12 ਪਾਰਲੀਮੈਂਟਮੈਂਬਰਾਂ ਨੂੰ ਪੂਰੇ ਸਰਦ ਰੁੱਤ ਸੈਸ਼ਨ ਲਈ ਰਾਜ ਸਭਾ ਵਿੱਚੋਂ ਸਸਪੈਂਡ ਕਰ ਦਿੱਤਾ ਗਿਆ ਸੀ। ਵਿਰੋਧੀ ਧਿਰ ਨੇ ਰਾਜ ਸਭਾ ’ਚੋਂ ਮੁਅੱਤਲੀ ਨੂੰ ‘‘ਗ਼ੈਰ-ਲੋਕਤੰਤਰੀ ਅਤੇ ਪ੍ਰਕਿਰਿਆ ਦੇ ਸਾਰੇ ਨਿਯਮਾਂ ਦੀ ਉਲੰਘਣਾ" ਕਰਾਰ ਦਿੱਤਾ।

## ਐਚ 1 ਬੀ ਵੀਜ਼ਾ ਨਵੀਨੀਕਰਨ ਵਿੱਚ ਦੇਰੀ ਵਿਰੁੱਧ ਜੋੜਾ ਕੋਰਟ ਪੁੱਜਾ

ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਐਚ 1 ਬੀ ਵੀਜ਼ਾ ਹੋਲਡਰਾਂ ਦੇ ਜੀਵਨ ਸਾਥੀਆਂ ਦੇ ਲਈ ਅਮਰੀਕਾ ਵਿੱਚ ਆਪਣੇ ਸੁਫਨੇ ਪੂਰਾ ਕਰਨਾ ਆਸਾਨ ਨਹੀਂ। ਉਨ੍ਹਾਂ ਨੂੰ ਅਮਰੀਕਾ ਵਿੱਚ ਕੰਮ ਲਈ ਨਾ ਸਿਰਫ਼ ਅਧਿਕਾਰ ਪੱਤਰ ਲੈਣਾ ਹੁੰਦਾ ਹੈ, ਬਲਕਿ ਉਨ੍ਹਾਂ ਨੂੰ ਵੀਜ਼ੇ ਦਾ ਨਵੀਨੀਕਰਨ ਵੀ ਕਰਾਉਣਾ ਹੁੰਦਾ ਹੈ। ਇਸ ਨੂੰ ਲੰਬਾ ਸਮਾਂ ਲੱਗਦਾ ਹੈ।

ਇਸ ਸਿਸਟਮ ਤੋਂ ਤੰਗ ਆਏ ਕੈਨੇਡਾ ਦੇ ਭਾਰਤੀ ਮੂਲ ਦੇ ਜੋੜੇ ਨੇ ਇਹ ਕੇਸ ਨੂੰ ਕੋਰਟ ਵਿੱਚ ਲੈ ਜਾਣ ਦਾ ਫੈਸਲਾ ਕੀਤਾ ਅਤੇ ਕੋਰਟ ਨੇ ਉਨ੍ਹਾਂ ਦੇ ਪੱਖ ਵਿੱਚ ਇਤਿਹਾਸਕ ਫੈਸਲਾ ਸੁਣਾਇਆ। ਭਾਰਤੀ ਮੂਲ ਦੇ ਅਮਨਦੀਪ ਸ਼ੇਰਗਿੱਲ ਅਤੇ ਰਿਪਨ ਸ਼ੇਰਗਿਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਸਮੱਸਿਆ ਨੂੰ ਦੂਰ ਕਰਨ ਦੇ ਲਈ ਕੋਰਟ ਦੀ ਮਦਦ ਲੈਣਾ ਹੀ ਉਚਿਤ ਲੱਗਾ। ਰਿਪਨ ਨੇ ਕਿਹਾ ਕਿ ਉਹ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਨਵੇਲੇ 2001 ਵਿੱਚ ਪੱਕ ਰੈਜ਼ੀਡੈਂਟ ਵਜੋਂ ਕੈਨੇਡਾ ਚਲੇ ਆਏ। 2003 ਵਿੱਚ ਦੋਨਾਂ ਦੀ ਸ਼ਾਦੀ ਹੋਈ ਅਤੇ ਉਹ ਟੋਰੰਟੋ ਵਿੱਚ ਰਹਿਣ ਲੱਗੇ ਸਨ। 2015 ਵਿੱਚ ਉਹ ਕੈਨੇਡਾ ਨਾਗਰਿਕ ਵਜੋਂ ਸਿਆਟਲ ਆ ਗਏ। ਰਿਪਨ ਦਾ ਕਹਿਣਾ ਹੈ ਕਿ ਅਮਰੀਕੀ ਕਾਨੂੰਨ ਬਹੁਤ ਕਠੋਰ ਹਨ। ਇਥੇ ਸਿਰਫ਼ ਜਿਸ ਦੇਸ਼ ਵਿੱਚ ਜਨਮ ਹੋਇਆ ਹੈ, ਉਸੇ ਉੱਤੇ ਵਿਚਾਰ ਹੁੰਦਾ ਹੈ। ਉਹ ਕੈਨੇਡਾ ਦੇ ਨਾਗਰਿਕ ਸਨ, ਇਸ ਦੇ ਬਾਵਜੂਦ ਉਨ੍ਹਾਂ ਨੂੰ ਭਾਰਤ ਸਬੰਧੀ ਮਾਈਗ੍ਰੇਂਟ ਨਿਯਮਾਂ ਦਾ ਪਾਲਣ ਕਰਨਾ ਪਿਆ। ਉਨ੍ਹਾਂ ਨੇ ਕਦੀ ਨਹੀਂ ਸੋਚਿਆ ਸੀ ਕਿ ਐਚ 1 ਬੀ ਵੀਜ਼ੇ ਦਾ ਮਾਮਲਾ ਇੰਨਾ ਮੁਸ਼ਕਲ ਹੋਵੇਗਾ। ਹਰ ਤਿੰਨ ਸਾਲ ਵਿੱਚ ਇਸਦਾ ਨਵੀਨੀਕਰਨ ਕਰਾਉਣਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਮੈਂ ਕਈਆਂ ਕੰਪਨੀਆਂ ਵਿੱਚ ਨੌਕਰੀ ਕੀਤੀ ਤੇ ਹਰ ਵਾਰ ਮੈਨੂੰ ਇਹ ਪਤਾ ਨਹੀਂ ਲੱਗਾ ਕਿ ਵੀਜ਼ਾ ਨਵੀਨੀਕਰਨ ਦਾ ਫੈਸਲਾ ਕੌਣ ਲੈਂਦਾ ਹੈ। ਕੁਝ ਤਕਨੀਕੀ ਕੇਸਾਂ ਕਾਰਨ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

ਰਿਪਨ ਨੇ ਕਿਹਾ ਕਿ ਮੇਰਾ ਬੇਟਾ 12 ਸਾਲ ਦਾ ਹੈ। ਪਿੱਛਲੇ ਚਾਰ ਸਾਲਾਂ ਵਿੱਚ ਹਰ ਵਾਰ ਉਸਦੇ ਕਾਗਜਾਤਾਂ ਦਾ ਨਵੀਨੀਕਰਨ ਕਰਾਉਣਾ ਪਿਆ। ਅਮਨਦੀਪ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਐਮ ਐਸ ਸੀ ਕੀਤੀ ਹੈ। ਕੈਨੇਡਾ ਵਿੱਚ ਉਹ ਫੁਲ ਟਾਈਮ ਟੀਚਰ ਵਜੋਂ ਕੰਮ ਕਰ ਰਹੀ ਸੀ, ਪਰ ਅਮਰੀਕਾ ਵਿੱਚ ਐਚ 1 ਬੀ ਵੀਜ਼ੇਵਾਲੇ ਪਤੀ-ਪਤਨੀ ਕੇਵਲ ਉਦੋ ਕੰਮ ਕਰ ਸਕਦੇ ਹਨ ਜਦੋਂ ਸਪਾਂਸਰ ਗ੍ਰੀਨ ਕਾਰਡ ਹੋਲਡਰਹੋਵੇ। ਉਨ੍ਹਾਂ ਲਈ ਬਿਨਾਂ ਕੰਮ ਕੀਤੇ ਘਰ ਬੈਠੇ ਰਹਿਣਾ ਨਿਰਾਸ਼ਾਜਨਕ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਨੇ ਪ੍ਰਵਾਸੀਆਂ ਲਈ ਨਿਯਮ ਸਖ਼ਤ ਕਰ ਦਿੱਤੇ ਸੀ। ਫਿਰ ਕੋਵਿਡ ਮਹਾਮਾਰੀ ਫੈਲ ਗਈ ਅਤੇ ਹਰ ਕੰਮ ਰੁਕ ਗਿਆ। ਜਿਸ ਕੰਮ ਨੂੰ ਦੋ ਤੋਂ ਚਾਰ ਮਹੀਨੇ ਲੱਗਦੇ ਸੀ, ਉਸ ਵਿੱਚ ਛੇ ਤੋਂ 12 ਮਹੀਨੇ ਲੱਗਣ ਲੱਗੇ। ਇਸ ਨਾਲ ਕਈ ਲੋਕਾਂ ਦੀ ਨੌਕਰੀ ਚਲੀ ਗਈ ਤੇ ਉਨ੍ਹਾਂ ਨੂੰ ਘਰ ਬੈਠਣਾ ਪਿਆ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8




SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ


FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866


FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.


ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

WWW.KULWINDERCHHINA.COM



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਢਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇਂ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- Collection Calls
- Personal Taxes
- GST/HST

- Credit Card Debts
- Personal Loans
- Pay Day Loans
- Student Loans

- Wage Garnishment
- Writ on your property
- Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- Save your Assets
- Avoid Bankruptcy
- Small monthly payments
- Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA

REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Ranked Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

**CALEDON**

BRAND NEW HOUSE FOR SALE ON ASSIGNMENT (IN CALEDON)

ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

**BRAMPTON**

Queen St / West Drive $514,905

12 laurelcrest St. 411

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈ-ਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼-ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ

**BRAMPTON**

Sold, $1,280,000

$ 1,199,905 Bramlea Rd./Bovaird Dr.

ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ 2600 ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ।ਸਾਰੀਆਂ ਸਹੂਲਤਾਂ ਦੇ ਨਜ਼ਦੀਕ

**BRAMPTON**

Queen St / West Drive

24Youngstar Tr Hwy 50/Cottrelle

2+1ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫ਼ਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

**BRAMPTON**

Sold, $ 1,980,000

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਚ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ।ਨਾਲ

Sold, $ 2.3 M

Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

## Recently Sold in your neighbourhood

48 Saintfield Dr, Vaughan — SOLD $849,900
37 Esker Dr, Brampton — SOLD $1,095,900
11 Germain Circle, Brampton — SOLD $1,099,905
5 Mitchell Ave, Brampton — SOLD $1,199,905
42 Pinedale Ave, Brampton — SOLD $1,499,900
11 Van Hoof Cres , Brampton — SOLD $1,999,905






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017